Regd. No. NW/CH-22 Regd. No. CHD/0092/2018-2020

*Rs. 4.50*

# Punjab Government Gazette

***Published by Authority***

No. 39 ] CHANDIGARH, FRIDAY, SEPTEMBER 28, 2018 (ASVINA 6, 1940 SAKA)

# PART II

**Statutory Notifications and Republications from Gazette of India/Punjab**

**ਰਜਿਸਟਰਡ ਨੰ. ਡੀ ਐਲ–ਐਨ 4/0007/2003–16**

**ਭਾਰਤ ਦਾ ਗਜ਼ਟ**

**ਅਸਾਧਾਰਣ**

**ਭਾਗ 2–ਖੰਡ –1**

**ਅਥਾਰਟੀ ਵੱਲੋਂ ਪ੍ਰਕਾਸ਼ਿਤ**

ਨੰ. 59 ਨਵੀਂ ਦਿੱਲੀ, ਬੁੱਧਵਾਰ ਦਸੰਬਰ 28, 2016 / ਪੋਹ 07, 1938 (ਸਾਕਾ)

(ਇਸ ਭਾਗ ਨੂੰ ਵੱਖਰਾ ਪੰਨਾ ਨੰ. ਦਿੱਤਾ ਗਿਆ ਹੈ ਤਾਂ ਜੋ ਇਸ ਨੂੰ ਵੱਖਰੇ ਸੰਕਲਨ ਰੂਪ ਵਿਚ ਰੱਖਿਆ ਜਾ ਸਕੇ।

**ਕਾਨੂੰਨ ਅਤੇ ਨਿਆਂ ਮੰਤਰਾਲਾ**

**(ਵਿਧਾਨਕਾਰੀ ਵਿਭਾਗ)**

ਨਵੀਂ ਦਿੱਲੀ, 28 ਦਸੰਬਰ, 2016/ ਪੋਹ 17, 1938 (ਸਾਕਾ)

ਸੰਸਦ ਦੇ ਹੇਠ ਲਿਖੇ ਐਕਟ ਨੂੰ 27 ਦਸੰਬਰ, 2016 ਨੂੰ ਰਾਸ਼ਟਰਪਤੀ ਵੱਲੋਂ ਪ੍ਰਵਾਨਗੀ ਪ੍ਰਾਪਤ ਹੋਈ ਅਤੇ ਇਥੇ ਇਹ ਆਮ ਸੂਚਨਾ ਲਈ ਪ੍ਰਕਾਸ਼ਤ ਕੀਤਾ ਜਾਂਦਾ ਹੈ :–

## ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਐਕਟ, 2016

**(2016 ਦਾ ਨੰ. 49)**

[27 ਦਸੰਬਰ, 2016]

ਇਹ ਐਕਟ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਅਤੇ ਇਸ ਨਾਲ ਸਬੰਧਤ ਮਾਮਲਿਆਂ ਲਈ ਜਾਂ ਇਸ ਤੋਂ ਇਲਾਵਾ ਯੂਨਾਈਟਿਡ ਨੇਸ਼ਨਜ਼ ਕਨਵੈਨਸ਼ਨ ਨੂੰ ਲਾਗੂ ਕਰਨਾ ਹੈ।

ਜਦੋਂ ਕਿ ਯੂਨਾਈਟਿਡ ਨੇਸ਼ਨਜ਼ ਜਨਰਲ ਅਸੈਂਬਲੀ ਨੇ 13 ਦਸੰਬਰ, 2006 ਨੂੰ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਉਤੇ ਇਸ ਦੀ ਕਨਵੈਨਸ਼ਨ ਨੂੰ ਅਪਣਾਇਆ;

ਅਤੇ ਜਦੋਂ ਕਿ ਉਪਰੋਕਤ ਕਨਵੈਨਸ਼ਨ ਦਿਵਿਆਂਗ ਵਿਅਕਤੀਆਂ ਦੇ ਸਸ਼ਕਤੀਕਰਨ ਲਈ ਹੇਠ ਲਿਖੇ ਸਿਧਾਂਤ ਨਿਰਧਾਰਤ ਕਰਦੀ ਹੈ:–

(ੳ) ਆਤਮ–ਸਨਮਾਨ ਲਈ ਇੱਜ਼ਤ, ਵਿਅਕਤੀਗਤ ਸੁਤੰਤਰਤਾ ਜਿਸ ਵਿਚ ਆਪਣੀ ਮਰਜ਼ੀ ਨਾਲ ਚੋਣ ਕਰਨ ਦੀ ਅਜ਼ਾਦੀ ਅਤੇ ਵਿਅਕਤੀਆਂ ਦੀ ਸੁਤੰਤਰਤਾ ਸ਼ਾਮਲ ਹੈ;

| | |
|---|---|
| (ਅ) | ਗੈਰ-ਵਿਤਕਰਾ |
| (ੲ) | ਸਮਾਜ ਵਿਚ ਪੂਰੀ ਤਰ੍ਹਾਂ ਅਤੇ ਪ੍ਰਭਾਵਕਾਰੀ ਸ਼ਮੂਲੀਅਤ |
| (ਸ) | ਭਿੰਨਤਾ ਲਈ ਸਨਮਾਨ ਅਤੇ ਦਿਵਿਆਂਗ ਵਿਅਕਤੀਆਂ ਨੂੰ ਮਨੁੱਖੀ ਵਿਭਿੰਨਤਾ ਅਤੇ ਮਨੁੱਖਤਾ ਵਜੋਂ ਸਵੀਕਾਰਨਾ |
| (ਹ) | ਅਵਸਰ ਦੀ ਬਰਾਬਰਤਾ |
| (ਕ) | ਪਹੁੰਚਯੋਗਤਾ |
| (ਖ) | ਔਰਤਾਂ ਅਤੇ ਮਰਦਾਂ ਵਿਚਕਾਰ ਬਰਾਬਰਤਾ |
| (ਗ) | ਦਿਵਿਆਂਗ ਬੱਚਿਆਂ ਦੀ ਵਧਣ ਸਮਰੱਥਾ ਪ੍ਰਤੀ ਸਨਮਾਨ ਅਤੇ ਦਿਵਿਆਂਗ ਬੱਚਿਆਂ ਦੇ ਅਧਿਕਾਰਾਂ ਪ੍ਰਤੀ ਸਨਮਾਨ ਤਾਂ ਜੋ ਉਨ੍ਹਾਂ ਦੀ ਪਛਾਣ ਨੂੰ ਸੰਭਾਲਿਆ ਜਾ ਸਕੇ; |

ਅਤੇ ਜਦੋਂ ਕਿ ਭਾਰਤ ਉਕਤ ਕਨਵੈਨਸ਼ਨ ਦਾ ਹਸਤਾਖਰੀ ਹੈ;

ਅਤੇ ਜਦੋਂ ਕਿ ਭਾਰਤ ਨੇ 1 ਅਕਤੂਬਰ, 2007 ਨੂੰ ਉਕਤ ਕਨਵੈਨਸ਼ਨ ਦੀ ਪੁਸ਼ਟੀ ਕੀਤੀ;

ਅਤੇ ਜਦੋਂ ਕਿ ਉਪਰੋਕਤ ਕਨਵੈਨਸ਼ਨ ਨੂੰ ਲਾਗੂ ਕਰਨ ਲਈ ਜ਼ਰੂਰੀ ਸਮਝਿਆ ਜਾਂਦਾ ਹੈ।

ਇਸ ਨੂੰ ਭਾਰਤ ਦੇ ਗਣਤੰਤਰ ਦੇ 67ਵੇਂ ਸਾਲ ਵਿਚ ਸੰਸਦ ਵਲੋਂ ਹੇਠਾਂ ਅਨੁਸਾਰ ਲਾਗੂ ਕੀਤਾ ਜਾਵੇ :-

## ਅਧਿਆਇ – 1

## ਮੁੱਢਲਾ

ਸੰਖੇਪ ਸਿਰਲੇਖ ਅਤੇ ਆਰੰਭ

1. ਇਸ ਐਕਟ ਨੂੰ ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਐਕਟ, 2016 ਕਿਹਾ ਜਾਵੇਗਾ।

(2) ਇਹ ਉਸ ਮਿਤੀ ਨੂੰ ਲਾਗੂ ਹੋਵੇਗਾ ਜੋ ਕਿ ਕੇਂਦਰ ਸਰਕਾਰ ਗਜ਼ਟ ਵਿਚ ਅਧਿਸੂਚਨਾ ਰਾਹੀਂ ਨਿਰਧਾਰਤ ਕਰੇਗੀ।

ਪਰਿਭਾਸ਼ਾਵਾਂ

2. ਇਸ ਐਕਟ ਵਿਚ, ਜਦੋਂ ਤੱਕ ਸੰਦਰਭ ਵਿਚ ਹੋਰਵੇਂ ਲੋੜੀਂਦਾ ਨਾ ਹੋਵੇ;

(ੳ) ''ਅਪੀਲ ਅਥਾਰਟੀ'' ਦਾ ਅਰਥ ਹੈ ਧਾਰਾ 14 ਦੀ ਉਪ ਧਾਰਾ ਜਾਂ (3) ਧਾਰਾ 53 ਦੀ ਉਪ-ਧਾਰਾ (1) ਜਾਂ ਧਾਰਾ 59 ਦੀ ਉਪ-ਧਾਰਾ (1) ਤਹਿਤ ਨਿਰਧਾਰਤ ਅਥਾਰਟੀ; ਜਿਵੇਂ ਵੀ ਕੇਸ ਹੋਵੇ;

(ਅ) 'ਸਬੰਧਤ ਸਰਕਾਰ' ਦਾ ਅਰਥ ਹੈ – (1) ਕੈਨਟੋਨਮੈਂਟਸ ਐਕਟ, 2006 ਤਹਿਤ ਕੇਂਦਰ ਸਰਕਾਰ ਉਸ ਸਰਕਾਰ ਵੱਲੋਂ ਪੂਰਣ ਜਾਂ ਅੰਸ਼ਿਕ ਰੂਪ ਵਿਚ ਵਿੱਤੀ ਸਹਾਇਤਾ ਦਿੱਤੀ ਕਿਸੇ ਸੰਸਥਾ ਜਾਂ ਕੈਨਟੋਨਮੈਂਟ ਬੋਰਡ ਦੇ ਸਬੰਧ ਵਿਚ, ਕੇਂਦਰ ਸਰਕਾਰ; 2006 ਦਾ 41

(2) ਕੈਨਟੋਨਮੈਂਟ ਬੋਰਡ ਤੋਂ ਇਲਾਵਾ ਕਿਸੇ ਸਥਾਨਕ ਅਥਾਰਟੀ ਜਾਂ ਉਸ ਸਰਕਾਰ ਵੱਲੋਂ ਪੂਰਣ ਜਾਂ ਅੰਸ਼ਿਕ ਰੂਪ ਵਿਚ ਵਿੱਤੀ ਸਹਾਇਤਾ ਦਿੱਤੀ ਕਿਸੇ ਸੰਸਥਾ ਜਾਂ ਰਾਜ ਸਰਕਾਰ ਦੇ ਸਬੰਧ ਵਿਚ ਰਾਜ ਸਰਕਾਰ।

(ੲ) ''ਬੈਰੀਅਰ'' ਦਾ ਅਰਥ ਹੈ ਕੋਈ ਵੀ ਕਾਰਕ ਜਿਸ ਵਿਚ ਸੰਚਾਰਕ, ਸਭਿਆਚਾਰਕ, ਆਰਥਿਕ, ਵਾਤਾਵਰਣਿਕ, ਸੰਸਥਾਤਮਕ, ਰਾਜਨੀਤਿਕ, ਸਮਾਜਕ, ਰਵੱਈਏ ਸਬੰਧੀ ਜਾਂ ਸਰੰਚਨਾਤਮਕ ਕਾਰਕ ਸ਼ਾਮਲ ਹਨ, ਜਿਹੜੇ ਸਮਾਜ ਵਿਚ ਦਿਵਿਆਂਗ ਵਿਅਕਤੀਆਂ ਦੀ ਪੂਰਣ ਅਤੇ ਪ੍ਰਭਾਵਕਾਰੀ ਸ਼ਮੂਲੀਅਤ ਵਿਚ ਰੁਕਾਵਟ ਪਾਉਂਦੇ ਹਨ;

(ਸ) 'ਕੇਅਰ ਗਿਵਰ' (ਦੇਖ ਰੇਖ ਕਰਨ ਵਾਲਾ) ਦਾ ਅਰਥ ਹੈ ਮਾਤਾ ਪਿਤਾ ਅਤੇ ਹੋਰ ਪਰਿਵਾਰਕ ਮੈਂਬਰ ਸਮੇਤ ਕੋਈ ਵੀ ਵਿਅਕਤੀ ਜੋ ਅਦਾਇਗੀ ਲੈ ਕੇ ਜਾਂ ਬਿਨਾਂ ਪੈਸਾ ਲਏ ਦਿਵਿਆਂਗ ਵਿਅਕਤੀ ਦੀ ਦੇਖ ਭਾਲ ਜਾਂ ਸਹਾਇਤਾ ਕਰਦਾ ਹੈ।

(ਹ) ''ਪ੍ਰਮਾਣੀਕਰਨ ਅਥਾਰਟੀ'' ਦਾ ਅਰਥ ਹੈ ਧਾਰਾ 57 ਦੀ ਉਪ-ਧਾਰਾ (1) ਤਹਿਤ ਨਿਯੁਕਤ ਅਥਾਰਟੀ;

(ਕ) ''ਸੰਚਾਰ'' ਵਿਚ ਸੰਚਾਰ ਦੇ ਸਾਧਨ ਅਤੇ ਫਾਰਮੈਟ, ਭਾਸ਼ਾਵਾਂ, ਟੈਕਸਟ ਨੂੰ ਦਿਖਾਉਣਾ, ਬ੍ਰੇਲ-ਲਿਖਤ, ਸੰਕੇਤ, ਵੱਡਾ ਪ੍ਰਿੰਟ, ਪਹੁੰਚਯੋਗ ਮਲਟੀਮੀਡੀਆ, ਲਿਖਤੀ, ਆਡੀਓ, ਵੀਡੀਓ, ਵਿਜ਼ੂਅਲ ਡਿਸਪਲੇ, ਸੰਕੇਤਕ ਭਾਸ਼ਾ, ਸਧਾਰਣ ਭਾਸ਼ਾ, ਹਿਊਮਨ-ਰੀਡਰ, ਵਿਕਲਪੀ ਮੋਡ ਅਤੇ ਪਹੁੰਚਯੋਗ

ਸੂਚਨਾ ਅਤੇ ਸੰਚਾਰ ਤਕਨਾਲੋਜੀ ਸ਼ਾਮਲ ਹਨ;

(ਖ) ''ਸਮਰੱਥ ਅਥਾਰਟੀ'' ਦਾ ਅਰਥ ਹੈ ਧਾਰਾ 49 ਤਹਿਤ ਨਿਯੁਕਤ ਅਥਾਰਟੀ;

(ਗ) ਦਿਵਿਆਂਗ ਦੇ ਸਬੰਧ ਵਿਚ ''ਵਿਤਕਰੇ'' ਦਾ ਅਰਥ ਹੈ ਦਿਵਿਆਂਗਤਾ ਦੇ ਅਧਾਰ ਤੇ ਕੋਈ ਭੇਦ-ਭਾਵ, ਵੱਖਰਾਪਣ, ਪਾਬੰਦੀ ਜਿਹੜੀ ਕਿ ਰਾਜਨੀਤਿਕ, ਆਰਥਿਕ, ਸਮਾਜਕ, ਸਭਿਆਚਾਰਕ, ਸਿਵਲ ਜਾਂ ਕਿਸੇ ਹੋਰ ਖੇਤਰ ਵਿਚ ਮੌਲਿਕ ਅਜ਼ਾਦੀ ਅਤੇ ਸਾਰੇ ਮਨੁੱਖੀ ਅਧਿਕਾਰਾਂ ਨੂੰ ਹੋਰਾਂ ਨਾਲ ਸਮਾਨਤਾ ਦੇ ਅਧਾਰ ਤੇ ਵਰਤੋਂ ਕਰਨ ਜਾਂ ਆਨੰਦ ਮਾਨਣ ਨੂੰ ਨਕਾਰਨ ਜਾਂ ਰੁਕਾਵਟ ਪਾਉਣ ਦਾ ਕਾਰਨ ਬਣਦੀ ਹੈ ਜਾਂ ਪ੍ਰਭਾਵ ਪਾਉਂਦੀ ਹੈ ਅਤੇ ਇਸ ਵਿਚ ਸਾਰੀ ਤਰ੍ਹਾਂ ਦੇ ਭੇਦਭਾਵ ਅਤੇ ਉਚਿਤ ਸੁਵਿਧਾ ਦੇਣ ਤੋਂ ਇਨਕਾਰ ਕਰਨਾ ਸ਼ਾਮਲ ਹੈ;

(ਘ) ''ਅਦਾਰਾ'' ਵਿਚ ਸਰਕਾਰੀ ਅਦਾਰਾ ਅਤੇ ਨਿੱਜੀ ਅਦਾਰਾ ਸ਼ਾਮਲ ਹੈ;

(ਙ) ''ਫੰਡ'' ਦਾ ਅਰਥ ਹੈ ਧਾਰਾ 86 ਤਹਿਤ ਗਠਤ ਨੈਸ਼ਨਲ ਫੰਡ;

(ਚ) ''ਸਰਕਾਰੀ ਸੰਸਥਾ'' ਦਾ ਅਰਥ ਹੈ ਕੰਪਨੀਜ਼ ਐਕਟ 2013 ਦੀ ਧਾਰਾ 2 ਵਿਚ ਪਰਿਭਾਸ਼ਤ ਅਨੁਸਾਰ ਸਰਕਾਰੀ ਕੰਪਨੀ ਜਾਂ ਸਥਾਨਕ ਅਥਾਰਟੀ ਜਾਂ ਸਰਕਾਰ ਵੱਲੋਂ ਸਹਾਇਤਾ ਪ੍ਰਾਪਤ ਜਾਂ
2013 ਦਾ 18 ਨਿਯੰਤ੍ਰਤ ਜਾਂ ਮਾਲਕੀ ਅਧੀਨ ਸੰਸਥਾ ਜਾਂ ਅਥਾਰਟੀ ਜਾਂ ਰਾਜ ਐਕਟ ਜਾਂ ਕੇਂਦਰੀ ਐਕਟ ਤਹਿਤ ਜਾਂ ਵੱਲੋਂ ਸਥਾਪਤ ਕਾਰਪੋਰੇਸ਼ਨ ਅਤੇ ਇਸ ਵਿਚ ਸਰਕਾਰ ਦਾ ਵਿਭਾਗ ਸ਼ਾਮਲ ਹੈ;

(ਛ) ''ਵਧੇਰੇ ਸਹਾਇਤਾ'' ਦਾ ਅਰਥ ਹੈ ਵਿਸਤ੍ਰਿਤ ਸਹਾਇਤਾ ਭਾਵੇਂ ਉਹ ਸਰੀਰਕ, ਮਨੋਵਿਗਿਆਨਕ ਅਤੇ ਹੋਰਵੇਂ ਹੈ, ਜਿਹੜੀ ਕਿ ਦਿਵਿਆਂਗ ਵਿਅਕਤੀ ਵੱਲੋਂ ਆਪਣੇ ਰੋਜ਼ਾਨਾ ਦੇ ਕਾਰਜਾਂ ਨੂੰ ਕਰਨ, ਸੁਤੰਤਰ ਅਤੇ ਸਹੀ ਫੈਸਲੇ ਨੂੰ ਲੈਣ, ਸੁਵਿਧਾਵਾਂ ਤੱਕ ਪਹੁੰਚ ਕਰਨ ਅਤੇ ਜੀਵਨ ਦੇ ਸਾਰੇ ਖੇਤਰਾਂ ਜਿਵੇਂ ਸਿੱਖਿਆ, ਰੁਜ਼ਗਾਰ, ਪਰਿਵਾਰ, ਸਮੁਦਾਇਕ ਜੀਵਨ ਅਤੇ ਇਲਾਜ ਅਤੇ ਥੈਰੇਪੀ ਵਿਚ ਸ਼ਾਮਲ ਹੋਣ ਲਈ ਲੋੜੀਂਦੀ ਹੈ;

(ਜ) ''ਸਮਾਵੇਸ਼ੀ ਸਿੱਖਿਆ'' ਦਾ ਅਰਥ ਹੈ ਸਿੱਖਿਆ ਦੀ ਉਹ ਪ੍ਰਣਾਲੀ ਜਿੱਥੇ ਦਿਵਿਆਂਗ ਵਿਦਿਆਰਥੀ ਜਾਂ ਬਗੈਰ ਦਿਵਿਆਂਗਤਾ ਵਾਲੇ ਵਿਦਿਆਰਥੀ ਇਕੱਠੇ ਸਿੱਖਿਆ ਪ੍ਰਾਪਤ ਕਰਦੇ ਹਨ ਅਤੇ ਅਧਿਆਪਨ ਅਤੇ ਸਿੱਖਣ ਦੀ ਪ੍ਰਣਾਲੀ ਨੂੰ ਵੱਖ-ਵੱਖ ਤਰ੍ਹਾਂ ਦੀ ਦਿਵਿਆਂਗਤਾ ਵਾਲੇ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਅਨੁਕੂਲ ਬਣਾਇਆ ਜਾਂਦਾ ਹੈ;

(ਝ) ''ਸੂਚਨਾ ਅਤੇ ਸੰਚਾਰ ਤਕਨਾਲੋਜੀ'' ਵਿਚ ਟੈਲੀਕਾਮ ਸੇਵਾਵਾਂ, ਵੈਬ ਅਧਾਰਤ ਸੇਵਾਵਾਂ, ਇਲੈਕਟ੍ਰਾਨਿਕ ਅਤੇ ਪ੍ਰਿੰਟ ਸੇਵਾਵਾਂ, ਡਿਜ਼ੀਟਲ ਅਤੇ ਵਾਸਤਵਿਕ ਸੇਵਾਵਾਂ ਸਮੇਤ ਸੂਚਨਾ ਅਤੇ ਸੰਚਾਰ ਨਾਲ ਸਬੰਧਤ ਸਾਰੀਆਂ ਸੇਵਾਵਾਂ ਅਤੇ ਨਵੀਆਂ ਕਾਢਾਂ ਸ਼ਾਮਲ ਹਨ;

(ਞ) ''ਸੰਸਥਾ'' ਦਾ ਅਰਥ ਹੈ ਦਿਵਿਆਂਗ ਵਿਅਕਤੀਆਂ ਦੀ ਦੇਖ ਭਾਲ, ਸੁਰੱਖਿਆ, ਸਿੱਖਿਆ, ਸਿਖਲਾਈ, ਪੁਨਰਵਾਸ ਅਤੇ ਹੋਰ ਕਾਰਜਾਂ ਲਈ ਸੰਸਥਾ;

(ਟ) ''ਸਥਾਨਕ ਅਥਾਰਟੀ'' ਦਾ ਅਰਥ ਹੈ ਕੈਨਟੋਨਮੈਂਟ ਐਕਟ, 2006 ਤਹਿਤ ਗਠਤ ਕੈਨਟੋਨਮੈਂਟ
2006 ਦਾ 41 ਬੋਰਡ; ਸੰਵਿਧਾਨ ਦੇ ਅਨੁਛੇਦ 243 ਪੀ ਦੇ ਖੰਡ (ਈ) ਅਤੇ ਖੰਡ (ਐਫ) ਵਿਚ ਵਿਆਖਿਆ ਅਨੁਸਾਰ ਨਗਰਪਾਲਿਕਾ ਜਾਂ ਪੰਚਾਇਤ; ਅਤੇ ਸ਼ਹਿਰੀ ਮਾਮਲਿਆਂ ਦੇ ਪ੍ਰਬੰਧ ਲਈ ਰਾਜ ਵਿਧਾਨ ਸਭਾ ਜਾਂ ਸੰਸਦ ਦੇ ਐਕਟ ਤਹਿਤ ਸਥਾਪਤ ਕੋਈ ਹੋਰ ਅਥਾਰਟੀ;

(ਠ) ''ਅਧਿਸੂਚਨਾ'' ਦਾ ਅਰਥ ਹੈ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਤ ਅਧਿਸੂਚਨਾ ਅਤੇ ''ਅਧਿਸੂਚਿਤ ਕੀਤਾ'' ਦੇ ਅਰਥ ਇਸੇ ਅਨੁਸਾਰ ਲਏ ਜਾਣਗੇ;

(ਡ) ''ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀ'' ਦਾ ਅਰਥ ਹੈ ਉਹ ਵਿਅਕਤੀ ਜਿਸ ਦੀ ਦਿਵਿਆਂਗਤਾ 40 ਪ੍ਰਤੀਸ਼ਤ ਤੋਂ ਘੱਟ ਨਹੀਂ ਹੈ ਜਿਥੇ ਨਿਰਧਾਰਤ ਦਿਵਿਆਂਗਤਾ ਦੀ ਵਿਆਖਿਆ ਮਾਪਣਯੋਗ ਨਿਯਮਾਂ ਵਿਚ ਨਹੀਂ ਕੀਤੀ ਗਈ ਹੈ ਅਤੇ ਇਸ ਵਿਚ ਦਿਵਿਆਂਗ ਵਿਅਕਤੀ ਸ਼ਾਮਲ ਹੈ ਜਿੱਥੇ ਪ੍ਰਮਾਣੀਕਰਨ ਅਥਾਰਟੀ ਵੱਲੋਂ ਤਸਦੀਕੇ ਅਨੁਸਾਰ ਮਾਪਣਯੋਗ ਨਿਯਮਾਂ ਵਿਚ ਨਿਰਧਾਰਤ

ਦਿਵਿਆਂਗਤਾ ਦੀ ਵਿਆਖਿਆ ਕੀਤੀ ਗਈ ਹੈ;

(ਢ) ''ਦਿਵਿਆਂਗ ਵਿਅਕਤੀ'' ਦਾ ਅਰਥ ਹੈ ਲੰਬੇ ਸਮੇਂ ਦੀ ਸਰੀਰਕ, ਮਾਨਸਿਕ, ਬੁੱਧੀਜੀਵਕ ਜਾਂ ਸੰਵੇਦਕ ਕਮਜ਼ੋਰੀ ਵਾਲਾ ਵਿਅਕਤੀ ਜਿਨ੍ਹਾਂ ਕਾਰਨ ਇਨ੍ਹਾਂ ਦੇ ਹੋਰ ਰੁਕਾਵਟਾਂ ਦੇ ਸੰਪਰਕ ਵਿਚ ਆਉਣ ਤੇ ਉਸ ਦੀ ਸਮਾਜ ਵਿਚ ਹੋਰਾਂ ਦੇ ਨਾਲ ਸਮਾਨ ਰੂਪ ਵਿਚ ਪੂਰਣ ਅਤੇ ਪ੍ਰਭਾਵਕਾਰੀ ਸ਼ਮੂਲੀਅਤ ਨਹੀਂ ਹੁੰਦੀ;

(ਣ) ''ਵਧੇਰੇ ਸਹਾਇਤਾ ਦੀ ਲੋੜ ਵਾਲੇ ਦਿਵਿਆਂਗ ਵਿਅਕਤੀ'' ਦਾ ਅਰਥ ਹੈ ਨਿਰਧਾਰਤ ਦਿਵਿਆਂਗਤਾ ਵਾਲਾ ਵਿਅਕਤੀ ਜਿਸ ਦੀ ਪੁਸ਼ਟੀ ਧਾਰਾ 58 ਦੀ ਉਪ ਧਾਰਾ (2) ਦੇ ਖੰਡ (ੲ) ਅਧੀਨ ਕੀਤੀ ਹੈ ਅਤੇ ਜਿਸ ਨੂੰ ਵਧੇਰੇ ਸਹਾਇਤਾ ਦੀ ਲੋੜ ਹੈ;

(ਤ) ''ਨਿਰਧਾਰਤ'' ਦਾ ਅਰਥ ਹੈ ਇਸ ਐਕਟ ਤਹਿਤ ਬਣਾਏ ਨਿਯਮਾਂ ਵੱਲੋਂ ਨਿਰਧਾਰਤ;

(ਥ) ''ਨਿੱਜੀ ਸੰਸਥਾ'' ਦਾ ਅਰਥ ਹੈ ਅਜਿਹੀ ਕੰਪਨੀ, ਫਰਮ, ਸਹਿਕਾਰੀ ਜਾਂ ਹੋਰ ਸੁਸਾਇਟੀ, ਐਸੋਸੀਏਸ਼ਨ, ਟ੍ਰਸਟ, ਏਜੰਸੀ, ਸੰਸਥਾ, ਸੰਗਠਨ, ਯੂਨੀਅਨ, ਫੈਕਟਰੀ ਜਾਂ ਅਜਿਹਾ ਕੋਈ ਅਦਾਰਾ ਜਿਸ ਨੂੰ ਸਬੰਧਤ ਸਰਕਾਰ ਨੇ ਅਧਿਸੂਚਨਾ ਰਾਹੀਂ ਨਿਰਧਾਰਤ ਕੀਤਾ ਹੈ;

(ਦ) ''ਜਨਤਕ ਬਿਲਡਿੰਗ'' ਦਾ ਅਰਥ ਹੈ ਸਰਕਾਰੀ ਜਾਂ ਨਿੱਜੀ ਇਮਾਰਤ ਜਿਸ ਦੀ ਵਰਤੋਂ ਜਨਤਾ ਵੱਲੋਂ ਵਧੇਰੇ ਕੀਤੀ ਜਾਂਦੀ ਹੈ ਜਿਸ ਵਿਚ ਸਿੱਖਿਆ ਜਾਂ ਕਿੱਤਾਮੁਖੀ ਮੰਤਵਾਂ, ਕੰਮ ਦੀ ਥਾਂ, ਵਪਾਰਕ ਗਤੀਵਿਧੀਆਂ, ਜਨਤਕ ਸੁਵਿਧਾਵਾਂ, ਧਾਰਮਕ, ਸਭਿਆਚਾਰਕ, ਮਨੋਰੰਜਕ ਗਤੀਵਿਧੀਆਂ, ਮੈਡੀਕਲ ਜਾਂ ਸਿਹਤ ਸੇਵਾਵਾਂ, ਕਾਨੂੰਨ ਲਾਗੂਕਰਨ ਏਜੰਸੀਆਂ, ਸੁਧਾਰ ਘਰ ਜਾਂ ਨਿਆਂਇਕ ਸਥਾਨ, ਰੇਲਵੇ ਸਟੇਸ਼ਨ ਜਾਂ ਪਲੇਟਫਾਰਮ, ਰੋਡਵੇਜ ਬੱਸ ਸਟੈਂਡ, ਹਵਾਈ ਅੱਡੇ ਜਾਂ ਜਲ ਮਾਰਗ ਲਈ ਵਰਤੀਆਂ ਜਾਂਦੀਆਂ ਇਮਾਰਤਾਂ ਸ਼ਾਮਲ ਹਨ;

(ਧ) ''ਜਨਤਕ ਸੁਵਿਧਾਵਾਂ ਅਤੇ ਸੇਵਾਵਾਂ'' ਵਿਚ ਜਨਤਾ ਨੂੰ ਦਿੱਤੀਆਂ ਜਾਂਦੀਆਂ ਸਾਰੀ ਤਰ੍ਹਾਂ ਦੀਆਂ ਸੇਵਾਵਾਂ ਸ਼ਾਮਲ ਹਨ ਅਤੇ ਇਨ੍ਹਾਂ ਵਿਚ ਮਕਾਨ, ਵਿਦਿਅਕ ਅਤੇ ਕਿੱਤਾਮੁਖੀ ਸਿਖਲਾਈ, ਰੁਜ਼ਗਾਰ ਅਤੇ ਕੈਰੀਅਰ ਉੱਨਤੀ, ਖਰੀਦਦਾਰੀ ਜਾਂ ਮਾਰਕੀਟਿੰਗ, ਧਾਰਮਕ, ਸਭਿਆਚਾਰਕ, ਮਨੋਰੰਜਨ, ਸਿਹਤ ਮੈਡੀਕਲ ਅਤੇ ਪੁਨਰਵਾਸ, ਬੈਂਕਿੰਗ, ਵਿੱਤ ਅਤੇ ਬੀਮਾ, ਸੰਚਾਰ, ਡਾਕ ਅਤੇ ਸੂਚਨਾ, ਨਿਆਂ ਤੱਕ ਪਹੁੰਚ, ਜਨਤਕ ਸਹੂਲਤਾਂ, ਆਵਾਜਾਈ ਆਦਿ ਵੀ ਸ਼ਾਮਲ ਹੈ;

(ਨ) ''ਉਚਿਤ ਉਦਾਰਤਾ'' ਦਾ ਅਰਥ ਹੈ ਖਾਸ ਮਾਮਲੇ ਵਿਚ ਅਣਅਨੁਪਾਤਕ ਜਾਂ ਅਣਉਚਿਤ ਬੋਝ ਪਾਏ ਬਿਨਾਂ, ਜ਼ਰੂਰੀ ਅਤੇ ਉਚਿਤ ਤਬਦੀਲੀ ਅਤੇ ਸਮਾਯੋਜਨ ਕਰਨਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦਿਵਿਆਂਗ ਵਿਅਕਤੀ ਦੂਸਰਿਆਂ ਦੇ ਬਰਾਬਰ ਹੀ ਅਧਿਕਾਰਾਂ ਦੀ ਵਰਤੋਂ ਕਰਨ ਜਾਂ ਇਨ੍ਹਾਂ ਨੂੰ ਮਾਣਨ;

(ਪ) ''ਰਜਿਸਟਰ ਹੋਏ ਸੰਗਠਨ'' ਦਾ ਅਰਥ ਹੈ ਦਿਵਿਆਂਗ ਵਿਅਕਤੀਆਂ ਦੀ ਸਭਾ ਜਾਂ ਦਿਵਿਆਂਗ ਵਿਅਕਤੀ ਸੰਗਠਨ, ਦਿਵਿਆਂਗ ਵਿਅਕਤੀਆਂ ਦੇ ਮਾਤਾ-ਪਿਤਾ ਦੀ ਸਭਾ, ਦਿਵਿਆਂਗ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਦੀ ਸਭਾ, ਜਾਂ ਸਵੈ-ਇੱਛੁਕ ਜਾਂ ਗੈਰ-ਸਰਕਾਰੀ ਜਾਂ ਚੈਰੀਟੇਬਲ ਸੰਗਠਨ ਜਾਂ ਟ੍ਰਸਟ, ਸੁਸਾਇਟੀ ਜਾਂ ਦਿਵਿਆਂਗ ਵਿਅਕਤੀ ਦੀ ਭਲਾਈ ਲਈ ਬਿਨਾਂ ਕਿਸੇ ਲਾਭ ਪ੍ਰਾਪਤੀ ਤੋਂ ਕਾਰਜ ਕਰ ਰਹੀ ਕੰਪਨੀ ਜਿਹੜੀ ਕਿ ਸੰਸਦ ਜਾਂ ਰਾਜ ਵਿਧਾਨ ਸਭਾ ਦੇ ਐਕਟ ਤਹਿਤ ਉਚਿਤ ਰੂਪ ਵਿਚ ਰਜਿਸਟਰ ਕੀਤੇ ਗਏ ਹੋਣ;

(ਪ ੳ) ''ਪੁਨਰਵਾਸ'' ਦਾ ਅਰਥ ਹੈ ਉਹ ਪ੍ਰਕ੍ਰਿਆ ਜਿਸ ਦਾ ਮੰਤਵ ਦਿਵਿਆਂਗ ਵਿਅਕਤੀਆਂ ਨੂੰ ਅਧਿਕਤਮ ਸਰੀਰਕ, ਸੰਵੇਦੀ, ਬੌਧਿਕ, ਮਨੋਵਿਗਿਆਨਕ ਵਾਤਾਵਰਣਕ ਜਾਂ ਸਮਾਜਕ ਤੌਰ ਤੇ ਕਾਰਜ ਪੱਧਰਾਂ ਨੂੰ ਪ੍ਰਾਪਤ ਕਰਨ ਅਤੇ ਕਾਇਮ ਰੱਖਣ ਲਈ ਸਮਰੱਥ ਬਣਾਉਣਾ ਹੈ;

(ਪ ਅ) ''ਵਿਸ਼ੇਸ਼ ਰੁਜ਼ਗਾਰ ਕੇਂਦਰ ਦਾ ਅਰਥ ਹੈ ਸਰਕਾਰ ਵਲੋਂ ਸਥਾਪਿਤ ਅਤੇ ਸਾਂਭ-ਸੰਭਾਲ ਕੀਤਾ ਜਾਂਦਾ ਦਫ਼ਤਰ ਜਾਂ ਸਥਾਨ ਜਿਹੜਾ ਰਜਿਸਟਰਾਂ ਦੇ ਰੱਖ-ਰਖਾਵ ਰਾਹੀਂ ਜਾਂ ਹੋਰਵੇਂ ਸਬੰਧੀ ਸੂਚਨਾ ਨੂੰ ਇਕੱਤਰ ਕਰੇ :-

(i) ਉਹ ਵਿਅਕਤੀ ਜਿਹੜੇ ਕਿ ਦਿਵਿਆਂਗ ਵਿਅਕਤੀਆਂ ਵਿਚੋਂ ਕਰਮਚਾਰੀ ਕੰਮ ਤੇ ਲਗਾਉਣਾ ਚਾਹੁੰਦੇ ਹਨ;

(ii) ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀ ਜਿਹੜੇ ਰੁਜ਼ਗਾਰ ਪ੍ਰਾਪਤ ਕਰਨਾ ਚਾਹੁੰਦੇ ਹਨ;

(iii) ਖਾਲੀ ਅਸਾਮੀਆਂ ਜਿੱਥੇ ਰੁਜ਼ਗਾਰ ਦੀ ਭਾਲ ਕਰਨ ਵਾਲੇ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ;

(ਪ ੲ) ''ਨਿਰਧਾਰਤ ਦਿਵਿਆਂਗਤਾ'' ਦਾ ਅਰਥ ਹੈ ਸ਼ਡਿਊਲ ਵਿਚ ਨਿਰਧਾਰਤ ਅਨੁਸਾਰ ਦਿਵਿਆਂਗਤਾ;

(ਪ ਸ) ''ਆਵਾਜਾਈ ਪ੍ਰਣਾਲੀ'' ਵਿਚ ਸੜਕ ਆਵਾਜਾਈ, ਰੇਲ ਟ੍ਰਾਂਸਪੋਰਟ, ਹਵਾਈ ਆਵਾਜਾਈ, ਪਾਣੀ ਰਾਹੀਂ ਆਵਾਜਾਈ, ਸੜਕ ਅਤੇ ਗਲੀਆਂ ਬੁਨਿਆਦੀ ਢਾਂਚਾ ਆਦਿ;

(ਪ ਹ) ''ਯੂਨੀਵਰਸਲ ਡਿਜ਼ਾਈਨ'' ਦਾ ਅਰਥ ਹੈ ਵਸਤੂਆਂ (ਉਤਪਾਦਾਂ) ਦੇ ਡਿਜ਼ਾਈਨ, ਵਾਤਾਵਰਣ, ਪ੍ਰੋਗਰਾਮ ਅਤੇ ਸੇਵਾਵਾਂ ਜਿਨ੍ਹਾਂ ਦੀ ਸਾਰੇ ਲੋਕ ਬਿਨਾਂ ਉਨ੍ਹਾਂ ਨੂੰ ਤਬਦੀਲ ਕੀਤੇ ਜਾਂ ਵਿਸ਼ੇਸ਼ ਡਿਜ਼ਾਈਨ ਦੇ ਵੱਧ ਤੋਂ ਵੱਧ ਵਰਤੋਂ ਕਰ ਸਕਣ ਅਤੇ ਇਹ ਸਾਰੇ ਸਹਿਯੋਗੀ ਉਪਕਰਣਾਂ ਤੇ ਲਾਗੂ ਹੋਵੇ ਗਾ ਅਤੇ ਇਸ ਵਿਚ ਦਿਵਿਆਂਗ ਵਿਅਕਤੀਆਂ ਲਈ ਉੱਨਤ ਤਕਨਾਲੋਜੀਆਂ ਸ਼ਾਮਲ ਹਨ।

## ਅਧਿਆਇ – II
## ਹੱਕ ਅਤੇ ਅਧਿਕਾਰ

3. (1) ਸਬੰਧਤ ਸਰਕਾਰ ਯਕੀਨੀ ਬਣਾਏਗੀ ਕਿ ਦਿਵਿਆਂਗ ਵਿਅਕਤੀ ਵੀ ਹੋਰਾਂ ਦੇ ਨਾਲ ਸਮਾਨ ਰੂਪ ਵਿਚ ਬਰਾਬਰਤਾ ਦਾ ਅਧਿਕਾਰ, ਸਨਮਾਨਪੂਰਵਕ ਜੀਵਨ ਅਤੇ ਉਨ੍ਹਾਂ ਪ੍ਰਤੀ ਆਦਰ ਅਤੇ ਸਤਿਕਾਰ ਨੂੰ ਮਾਣਨ। ਸਮਾਨਤਾ ਅਤੇ ਗੈਰ-ਵਿਤਕਰਾ

(2) ਸਬੰਧਤ ਸਰਕਾਰ ਦਿਵਿਆਂਗ ਵਿਅਕਤੀਆਂ ਦੀ ਸਮਰੱਥਾ ਦੀ ਵਰਤੋਂ ਕਰਨ ਲਈ ਉਚਿਤ ਵਾਤਾਵਰਣ ਮੁਹੱਈਆ ਕਰੇਗੀ।

(3) ਦਿਵਿਆਂਗਤਾ ਦੇ ਅਧਾਰ ਤੇ ਕਿਸੇ ਵੀ ਦਿਵਿਆਂਗ ਵਿਅਕਤੀ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਇਹ ਨਹੀਂ ਦਰਸਾਇਆ ਜਾਂਦਾ ਕਿ ਇਤਰਾਜ਼ਯੋਗ ਕੰਮ ਜਾਂ ਅਣਗਹਿਲੀ ਉਚਿਤ ਮੰਤਵ ਨੂੰ ਪ੍ਰਾਪਤ ਕਰਨ ਦਾ ਅਨੁਪਾਤੀ ਸਾਧਨ ਹੈ।

(4) ਕਿਸੇ ਵੀ ਵਿਅਕਤੀ ਨੂੰ ਸਿਰਫ ਦਿਵਿਆਂਗਤਾ ਦੇ ਕਾਰਣ ਉਸ ਦੀ ਨਿੱਜੀ ਸੁਤੰਤਰਤਾ ਤੋਂ ਵਾਂਝਿਆ ਨਹੀਂ ਰੱਖਿਆ ਜਾ ਸਕਦਾ।

(5) ਸਬੰਧਤ ਸਰਕਾਰ ਦਿਵਿਆਂਗ ਵਿਅਕਤੀਆਂ ਨੂੰ ਉਚਿਤ ਸੁਵਿਧਾ ਦੇਣ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕੇਗੀ।

4. (1) ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਇਹ ਯਕੀਨੀ ਬਣਾਉਣ ਲਈ ਕਦਮ ਚੁੱਕਣਗੀਆਂ ਕਿ ਦਿਵਿਆਂਗ ਔਰਤਾਂ ਅਤੇ ਬੱਚੇ ਹੋਰਾਂ ਨਾਲ ਸਮਾਨ ਰੂਪ ਵਿਚ ਆਪਣੇ ਅਧਿਕਾਰ ਮਾਣਨ। ਦਿਵਿਆਂਗ ਔਰਤਾਂ ਅਤੇ ਬੱਚੇ

(2) ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਇਹ ਯਕੀਨੀ ਬਣਾਉਣਗੀਆਂ ਕਿ ਸਾਰੇ ਦਿਵਿਆਂਗ ਬੱਚਿਆਂ ਨੂੰ ਉਨ੍ਹਾਂ ਨੂੰ ਪ੍ਰਭਾਵਤ ਕਰਨ ਵਾਲੇ ਸਾਰੇ ਮਾਮਲਿਆਂ ਉਤੇ ਸੁਤੰਤਰਤਾਪੂਰਵਕ ਵਿਚਾਰ ਪ੍ਰਗਟਾਉਣ ਦਾ ਅਧਿਕਾਰ ਸਮਾਨ ਰੂਪ ਵਿਚ ਮਿਲੇ ਅਤੇ ਉਨ੍ਹਾਂ ਦੀ ਉਮਰ ਅਤੇ ਦਿਵਿਆਂਗਤਾ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੂੰ ਉਚਿਤ ਸਹਾਇਤਾ ਦੇਵੇ।

5. (1) ਦਿਵਿਆਂਗ ਵਿਅਕਤੀਆਂ ਨੂੰ ਸਮਾਜ ਜਾਂ ਸਮੁਦਾਇ ਵਿਚ ਰਹਿਣ ਦਾ ਅਧਿਕਾਰ ਹੋਵੇਗਾ। ਸਮਾਜਿਕ ਜੀਵਨ

(2) ਸਬੰਧਤ ਸਰਕਾਰ ਯਤਨ ਕਰੇਗੀ ਕਿ ਦਿਵਿਆਂਗ ਵਿਅਕਤੀ :-

(ੳ) ਕਿਸੇ ਵਿਸ਼ੇਸ਼ ਜੀਵਨ ਸ਼ੈਲੀ ਵਿਚ ਜੀਊਣ ਜਾਂ ਰਹਿਣ ਲਈ ਮਜਬੂਰ ਨਹੀਂ ਹਨ; ਅਤੇ

(ਅ) ਉਨ੍ਹਾਂ ਨੂੰ ਘਰ, ਰਿਹਾਇਸ਼ੀ ਅਤੇ ਹੋਰ ਸਮੁਦਾਇਕ ਸਹਾਇਤਾ ਸੇਵਾਵਾਂ ਤੱਕ ਪਹੁੰਚ ਪ੍ਰਦਾਨ

ਕੀਤੀ ਜਾਂਦੀ ਹੈ, ਜਿਸ ਵਿਚ ਉਮਰ ਅਤੇ ਲਿੰਗ ਨੂੰ ਉਚਿਤ ਸਨਮਾਨ ਦਿੰਦੇ ਹੋਏ ਜੀਊਣ ਲਈ ਲੋੜੀਂਦੀ ਨਿੱਜੀ ਸਹਾਇਤਾ ਸ਼ਾਮਲ ਹੈ।

**ਜ਼ੁਲਮ ਅਤੇ ਅਣਮਨੁੱਖੀ ਵਤੀਰੇ ਤੋਂ ਬਚਾਓ**

6. (1) ਸਬੰਧਤ ਸਰਕਾਰ ਦਿਵਿਆਂਗ ਵਿਅਕਤੀਆਂ ਨੂੰ ਤਸੀਹਿਆਂ, ਜ਼ੁਲਮ, ਅਣਮਨੁੱਖੀ ਜਾਂ ਨੀਵਾਂ ਵਿਖਾਉਣ ਵਾਲੇ ਵਤੀਰੇ ਤੋਂ ਬਚਾਉਣ ਲਈ ਕਦਮ ਚੁੱਕੇਗੀ।

(2) ਕਿਸੇ ਵੀ ਦਿਵਿਆਂਗ ਵਿਅਕਤੀ ਨੂੰ ਹੇਠ ਲਿਖੇ ਕਾਰਨਾਂ ਤੋਂ ਬਿਨਾਂ ਖੋਜ ਅਧੀਨ ਨਹੀਂ ਰੱਖਿਆ ਜਾਵੇਗਾ:-

(i) ਸੰਚਾਰ ਜਾਂ ਵਾਰਤਾਲਾਪ ਦੇ ਪਹੁੰਚਯੋਗ ਸਾਧਨਾਂ, ਵਿਧੀਆਂ ਅਤੇ ਫਾਰਮੈਟ ਰਾਹੀਂ ਉਸ ਦੀ ਦਬਾਓ-ਰਹਿਤ ਅਤੇ ਸੂਚਿਤ ਸਹਿਮਤੀ ਪ੍ਰਾਪਤ ਕਰਕੇ; ਅਤੇ

(ii) ਸਬੰਧਤ ਸਰਕਾਰ ਵੱਲੋਂ ਇਸ ਮੰਤਵ ਲਈ ਨਿਰਧਾਰਤ ਢੰਗ ਨਾਲ ਗਠਤ ਕੀਤੀ ਦਿਵਿਆਂਗਤਾ ਉਤੇ ਕਮੇਟੀ ਤੋਂ ਖੋਜ ਲਈ ਅਗੇਤ ਪ੍ਰਵਾਨਗੀ ਲੈ ਕੇ ਜਿਸ ਵਿਚ ਘੱਟੋ ਘੱਟ ਅੱਧੇ ਮੈਂਬਰ ਖੁਦ ਜਾਂ ਤਾਂ ਦਿਵਿਆਂਗ ਵਿਅਕਤੀ ਜਾਂ ਧਾਰਾ 2 ਦੇ ਖੰਡ (ਪ) ਤਹਿਤ ਪਰਿਭਾਸ਼ਤ ਕੀਤੇ ਅਨੁਸਾਰ ਰਜਿਸਟਰਡ ਸੰਗਠਨ ਦੇ ਮੈਂਬਰ ਹੋਣਗੇ।

**ਦੁਰਵਿਵਹਾਰ ਹਿੰਸਾ ਅਤੇ ਸ਼ੋਸ਼ਣ ਤੋਂ ਬਚਾਓ**

7. (1) ਸਬੰਧਤ ਸਰਕਾਰ ਦਿਵਿਆਂਗ ਵਿਅਕਤੀਆਂ ਨੂੰ ਸਾਰੀ ਤਰ੍ਹਾਂ ਦੇ ਸ਼ੋਸ਼ਣ, ਹਿੰਸਾ ਅਤੇ ਦੁਰਵਰਤੋਂ ਤੋਂ ਬਚਾਉਣ ਲਈ ਕਦਮ ਚੁੱਕੇਗੀ ਅਤੇ ਇਸ ਨੂੰ ਰੋਕਣ ਲਈ :-

(ੳ) ਸ਼ੋਸ਼ਣ, ਹਿੰਸਾ ਅਤੇ ਕੁਵਰਤੋਂ ਦੀਆਂ ਘਟਨਾਵਾਂ ਦੀ ਸੂਚਨਾ ਰੱਖੇਗੀ ਅਤੇ ਅਜਿਹੀਆਂ ਘਟਨਾਵਾਂ ਵਿਰੁੱਧ ਉਪਲੱਬਧ ਕਾਨੂੰਨੀ ਸਮਾਧਾਨ ਮੁਹੱਈਆ ਕਰੇਗੀ;

(ਅ) ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਕਦਮ ਚੁੱਕੇਗੀ ਅਤੇ ਇਸ ਦੀ ਰਿਪੋਰਟ ਕਰਨ ਲਈ ਪ੍ਰਕ੍ਰਿਆ ਨਿਰਧਾਰਤ ਕਰੇਗੀ;

(ੲ) ਅਜਿਹੀਆਂ ਘਟਨਾਵਾਂ ਤੋਂ ਪੀੜ੍ਹਤ ਵਿਅਕਤੀਆਂ ਨੂੰ ਬਚਾਉਣ, ਸੁਰੱਖਿਅਤ ਰੱਖਣ ਅਤੇ ਪੁਨਰਵਾਸ ਲਈ ਕਦਮ ਚੁੱਕੇਗੀ; ਅਤੇ

(ਸ) ਜਾਗਰੂਕਤਾ ਪੈਦਾ ਕਰੇਗੀ ਅਤੇ ਜਨਤਾ ਨੂੰ ਜਾਣਕਾਰੀ ਉਪਲੱਬਧ ਕਰਵਾਏਗੀ।

(2) ਕੋਈ ਵੀ ਵਿਅਕਤੀ ਜਾਂ ਰਜਿਸਟਰਡ ਸੰਗਠਨ ਜਿਸ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਕਿਸੇ ਵੀ ਦਿਵਿਆਂਗ ਵਿਅਕਤੀ ਦੇ ਵਿਰੁੱਧ ਹਿੰਸਾ, ਸ਼ੋਸ਼ਣ ਜਾਂ ਦੁਰਾਚਾਰ ਹੋ ਰਿਹਾ ਹੈ ਜਾਂ ਹੋਣ ਜਾ ਰਿਹਾ ਹੈ, ਉਹ ਅਜਿਹੇ ਅਧਿਕਾਰ ਖੇਤਰ ਜਿਥੇ ਅਜਿਹੀਆਂ ਘਟਨਾਵਾਂ ਵਾਪਰੀਆਂ ਹੋਣ, ਦੇ ਕਾਰਜਕਾਰੀ ਮੈਜਿਸਟ੍ਰੇਟ ਨੂੰ ਇਸ ਸਬੰਧੀ ਸੂਚਨਾ ਦੇ ਸਕਦਾ ਹੈ।

(3) ਕਾਰਜਕਾਰੀ ਮੈਜਿਸਟ੍ਰੇਟ ਅਜਿਹੀ ਸੂਚਨਾ ਪ੍ਰਾਪਤ ਹੋਣ ਤੇ ਅਜਿਹੀ ਘਟਨਾ ਨੂੰ ਹੋਣ ਤੋਂ ਰੋਕਣ ਜਾਂ ਰੋਕਥਾਮ ਕਰਨ, ਜਿਵੇਂ ਵੀਂ ਕੇਸ ਹੋਵੇ, ਲਈ ਤੁਰੰਤ ਕਦਮ ਚੁੱਕੇਗਾ ਜਾਂ ਦਿਵਿਆਂਗ ਵਿਅਕਤੀ ਦੀ ਸੁਰੱਖਿਆ ਲਈ ਅਜਿਹੇ ਆਦੇਸ਼ ਦੇਵੇਗਾ ਜਿਹੜੇ ਕਿ ਉਹ ਉਚਿਤ ਸਮਝਦਾ ਹੋਵੇ ਜਿਸ ਵਿਚ ਇਹ ਆਦੇਸ਼ ਵੀ ਸ਼ਾਮਲ ਹੋਵੇਗਾ : -

(ੳ) ਅਜਿਹੇ ਪੀੜ੍ਹਤ ਵਿਅਕਤੀ ਨੂੰ ਬਚਾਉਣ ਲਈ ਪੁਲਿਸ ਜਾਂ ਦਿਵਿਆਂਗ ਵਿਅਕਤੀਆਂ ਲਈ ਕੰਮ ਕਰ ਰਹੇ ਕਿਸੇ ਸੰਗਠਨ ਨੂੰ ਅਧਿਕਾਰ ਦੇਣਾ ਕਿ ਅਜਿਹੇ ਵਿਅਕਤੀ ਦੀ ਸੁਰੱਖਿਆ ਜਾਂ ਪੁਨਰਵਾਸ ਜਾਂ ਦੋਵੇਂ, ਜਿਵੇਂ ਵੀ ਕੇਸ ਹੋਵੇ, ਕਰਨ;

(ਅ) ਦਿਵਿਆਂਗ ਵਿਅਕਤੀ ਨੂੰ ਸੁਰੱਖਿਅਤ ਹਿਰਾਸਤ ਵਿਚ ਲੈਣਾ ਜੇਕਰ ਅਜਿਹਾ ਵਿਅਕਤੀ ਇਸ ਦੇ ਲਈ ਇਛੁੱਕ ਹੋਵੇ;

(ੲ) ਅਜਿਹੇ ਦਿਵਿਆਂਗ ਵਿਅਕਤੀ ਨੂੰ ਆਸਰਾ ਦੇਣਾ।

(4) ਕੋਈ ਵੀ ਪੁਲਿਸ ਅਫਸਰ ਜਿਹੜਾ ਸ਼ਿਕਾਇਤ ਪ੍ਰਾਪਤ ਕਰਦਾ ਹੈ ਜਾਂ ਹੋਰਵੇ ਦਿਵਿਆਂਗ ਵਿਅਕਤੀ ਵਿਰੁੱਧ ਹੋਏ ਸ਼ੋਸ਼ਣ, ਹਿੰਸਾ ਜਾਂ ਦੁਰਾਚਾਰ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ ਤਾਂ ਉਹ ਪੀੜ੍ਹਤ ਵਿਅਕਤੀ ਨੂੰ ਹੇਠਾਂ ਸਬੰਧੀ ਸੂਚਨਾ ਦੇਵੇਗਾ :-

(ੳ) ਉਪ-ਧਾਰਾ (2) ਤਹਿਤ ਸੁਰੱਖਿਆ ਲਈ ਬਿਨੈ ਕਰਨ ਦੇ ਉਸ ਦੇ ਅਧਿਕਾਰ ਅਤੇ ਸਹਾਇਤਾ

ਮੁਹੱਈਆ ਕਰਨ ਦੇ ਅਧਿਕਾਰ ਖੇਤਰ ਵਾਲੇ ਕਾਰਜਕਾਰੀ ਮੈਜਿਸਟ੍ਰੇਟ ਬਾਰੇ;

(ਅ) ਦਿਵਿਆਂਗ ਵਿਅਕਤੀਆਂ ਦੇ ਪੁਨਰਵਾਸ ਲਈ ਕੰਮ ਕਰ ਰਹੇ ਸਭ ਤੋਂ ਨੇੜੇ ਦੇ ਸੰਗਠਨਾਂ ਜਾਂ ਸੰਸਥਾ ਦੇ ਵੇਰਵੇ;

(ੲ) ਮੁਫਤ ਕਾਨੂੰਨੀ ਸਹਾਇਤਾ ਦੇ ਅਧਿਕਾਰ ਬਾਰੇ; ਅਤੇ

(ਸ) ਅਜਿਹੇ ਅਪਰਾਧ ਲਈ ਕਿਸੇ ਹੋਰ ਕਾਨੂੰਨ ਜਾਂ ਇਸ ਐਕਟ ਦੇ ਉਪਬੰਧ ਅਧੀਨ ਸ਼ਿਕਾਇਤ ਦਾਇਰ ਕਰਨ ਦੇ ਅਧਿਕਾਰ ਬਾਰੇ :

ਬਸ਼ਰਤੇ ਕਿ ਇਸ ਧਾਰਾ ਵਿਚ ਕੁਝ ਵੀ ਅਜਿਹਾ ਅਰਥ ਨਹੀਂ ਕੱਢਿਆ ਜਾਵੇਗਾ ਜੋ ਕਿ ਪੁਲਿਸ ਅਫਸਰ ਨੂੰ ਸੁਣਵਾਈਯੋਗ ਅਪਰਾਧ ਦੇ ਹੋਣ ’ਤੇ ਸੂਚਨਾ ਪ੍ਰਾਪਤ ਹੋਣ ਤੇ ਕਾਨੂੰਨ ਅਨੁਸਾਰ ਆਪਣਾ ਫਰਜ਼ ਨਿਭਾਉਣ ਤੋਂ ਮੁਕਤ ਕਰੇ।

(5) ਜੇਕਰ ਕਾਰਜਕਾਰੀ ਮੈਜਿਸਟ੍ਰੇਟ ਨੂੰ ਇਹ ਪਤਾ ਲੱਗਦਾ ਹੈ ਕਿ ਕੀਤਾ ਗਿਆ ਕੰਮ ਜਾਂ ਵਤੀਰਾ
1860 ਦਾ 45 ਭਾਰਤੀ ਦੰਡ ਸੰਘਤਾ ਜਾਂ ਉਸ ਸਮੇਂ ਲਾਗੂ ਕਿਸੇ ਕਾਨੂੰਨ ਤਹਿਤ ਅਪਰਾਧ ਹੈ ਤਾਂ ਉਹ ਇਸ ਸ਼ਿਕਾਇਤ ਨੂੰ ਅੱਗੇ ਨਿਆਂਇਕ ਜਾਂ ਮੈਟਰੋਪੋਲਿਟਨ ਮੈਜਿਸਟ੍ਰੇਟ, ਜਿਵੇਂ ਵੀਂ ਕੇਸ ਹੋਵੇ, ਨੂੰ ਭੇਜੇਗਾ।

---

ਸੁਰੱਖਿਆ ਅਤੇ ਬਚਾਓ

8.(1) ਦਿਵਿਆਂਗ ਵਿਅਕਤੀਆਂ ਨੂੰ ਖਤਰੇ, ਹਥਿਆਰਬੰਦ ਝਗੜੇ, ਮਨੁੱਖੀ ਅਪਾਤਕਾਲੀਨ ਸਥਿਤੀਆਂ ਅਤੇ ਕੁਦਰਤੀ ਆਫ਼ਤਾਂ ਦੀਆਂ ਸਥਿਤੀਆਂ ਵਿਚ ਬਰਾਬਰ ਦੀ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ।

(2) ਰਾਸ਼ਟਰੀ ਆਫਤ ਪ੍ਰਬੰਧ ਅਥਾਰਟੀ ਅਤੇ ਰਾਜ ਆਫਤ ਪ੍ਰਬੰਧ ਅਥਾਰਟੀ ਦਿਵਿਆਂਗ ਵਿਅਕਤੀਆਂ ਦੇ ਬਚਾਓ ਅਤੇ ਸੁਰੱਖਿਆ ਲਈ ਆਫਤ ਪ੍ਰਬੰਧ ਐਕਟ, 2005 ਦੀ ਧਾਰਾ 2 ਦੇ
2005 ਦਾ 53 ਖੰਡ (ਹ) ਤਹਿਤ ਵਿਆਖਿਆ ਕੀਤੀਆਂ ਇਸ ਦੀਆਂ ਆਫਤ ਪ੍ਰਬੰਧ ਗਤੀਵਿਧੀਆਂ ਵਿਚ ਦਿਵਿਆਂਗ ਵਿਅਕਤੀਆਂ ਨੂੰ ਸ਼ਾਮਲ ਕਰਨ ਨੂੰ ਯਕੀਨੀ ਬਣਾਉਣ ਲਈ ਉਚਿਤ ਕਦਮ ਚੁੱਕੇਗੀ।

(3) ਆਫਤ ਪ੍ਰਬੰਧ ਐਕਟ, 2005 ਦੀ ਧਾਰਾ 25 ਤਹਿਤ ਗਠਤ ਜ਼ਿਲ੍ਹਾ ਆਫਤ ਪ੍ਰਬੰਧਨ
2005 ਦਾ 53 ਅਥਾਰਟੀ ਜਿਲ੍ਹੇ ਵਿਚ ਦਿਵਿਆਂਗ ਵਿਅਕਤੀਆਂ ਦੇ ਵੇਰਵਿਆਂ ਦਾ ਰਿਕਾਰਡ ਰੱਖੇਗੀ ਅਤੇ ਆਫਤ ਤੋਂ ਬਚਣ ਲਈ ਤਿਆਰੀ ਨੂੰ ਵਧਾਉਣ ਲਈ ਖਤਰੇ ਦੀਆਂ ਅਜਿਹੀਆਂ ਸਥਿਤੀਆਂ ਬਾਰੇ ਅਜਿਹੇ ਵਿਅਕਤੀਆਂ ਨੂੰ ਸੂਚਨਾ ਦੇਣ ਲਈ ਉਚਿਤ ਕਦਮ ਚੁੱਕੇਗੀ।

(4) ਖਤਰੇ, ਹਥਿਆਰਬੰਦ ਝਗੜੇ ਜਾਂ ਕੁਦਰਤੀ ਆਫਤਾਂ ਦੀ ਕਿਸੇ ਵੀ ਸਥਿਤੀ ਤੋਂ ਬਾਅਦ ਦੇ ਮੁੜ ਉਸਾਰੀ ਕਾਰਜਾਂ ਵਿਚ ਲੱਗੀਆਂ ਅਥਾਰਟੀਆਂ ਦਿਵਿਆਂਗ ਵਿਅਕਤੀਆਂ ਦੀਆਂ ਲੋੜਾਂ ਦੇ ਅਨੁਸਾਰ ਸਬੰਧਤ ਰਾਜ ਕਮਿਸ਼ਨਰ ਦੇ ਨਾਲ ਸਲਾਹ ਕਰਕੇ ਅਜਿਹੀਆਂ ਗਤੀਵਿਧੀਆਂ ਜਾਂ ਕਾਰਜ ਕਰਨਗੀਆਂ।

---

ਘਰ ਅਤੇ ਪਰਿਵਾਰ

9. (1) ਕੋਈ ਵੀ ਦਿਵਿਆਂਗ ਬੱਚਾ ਦਿਵਿਆਂਗਤਾ ਦੇ ਅਧਾਰ ਤੇ ਆਪਣੇ ਮਾਤਾ-ਪਿਤਾ ਤੋਂ ਵੱਖ ਨਹੀਂ ਕੀਤਾ ਜਾਵੇਗਾ ਸਿਵਾਇ ਅਜਿਹੇ ਮਾਮਲੇ ਦੇ ਜਿੱਥੇ ਬੱਚੇ ਦੇ ਹਿੱਤ ਵਿਚ ਸਮਰੱਥ ਅਦਾਲਤ ਨੇ ਆਦੇਸ਼ ਕੀਤਾ ਹੋਵੇ।

(2) ਜਿੱਥੇ ਮਾਤਾ-ਪਿਤਾ ਦਿਵਿਆਂਗ ਬੱਚੇ ਦੀ ਦੇਖ-ਰੇਖ ਕਰਨ ਵਿਚ ਅਸਮਰੱਥ ਹੋਣ, ਸਮਰੱਥ ਅਦਾਲਤ ਅਜਿਹੇ ਬੱਚੇ ਨੂੰ ਉਸ ਦੇ ਨੇੜੇ ਦੇ ਰਿਸ਼ਤੇਦਾਰਾਂ ਕੋਲ ਰੱਖੇਗੀ ਅਤੇ ਪਰਿਵਾਰ ਦੇ ਮਾਹੌਲ ਵਿਚ ਸਮਾਜ ਦੇ ਅੰਦਰ ਰੱਖਣ ਲਈ ਅਸਫਲ ਹੋਣ ਤੇ ਜਾਂ ਅਸਧਾਰਣ ਮਾਮਲਿਆਂ ਵਿਚ ਸਬੰਧਤ ਸਰਕਾਰ ਜਾਂ ਗੈਰ-ਸਰਕਾਰੀ ਸੰਗਠਨ ਵੱਲੋਂ ਚਲਾਏ ਜਾਂਦੇ ਅਨਾਥ ਆਸ਼ਰਮ ਵਿਚ ਰੱਖਿਆ ਜਾਵੇਗਾ।

---

ਪ੍ਰਜਨਕ ਅਧਿਕਾਰ

10. (1) ਸਬੰਧਤ ਸਰਕਾਰ ਯਕੀਨੀ ਬਣਾਏਗੀ ਕਿ ਦਿਵਿਆਂਗ ਵਿਅਕਤੀਆਂ ਕੋਲ ਜਨਮ ਦੇਣ (ਪ੍ਰਜਣਨ) ਅਤੇ ਪਰਿਵਾਰ ਨਿਯੋਜਨ ਸਬੰਧੀ ਉਚਿਤ ਜਾਣਕਾਰੀ ਪ੍ਰਾਪਤ ਕਰਨ ਲਈ ਪਹੁੰਚ ਹੋਵੇ।

(2) ਕਿਸੇ ਵੀ ਦਿਵਿਆਂਗ ਵਿਅਕਤੀ ਨੂੰ ਉਸ ਦੀ ਸੁਤੰਤਰ ਅਤੇ ਸੂਚਿਤ ਸਹਿਮਤੀ ਬਿਨਾਂ ਕਿਸੇ ਮੈਡੀਕਲ ਪ੍ਰਕ੍ਰਿਆ ਅਧੀਨ ਨਹੀਂ ਰੱਖਿਆ ਜਾਵੇਗਾ ਜਿਸ ਨਾਲ ਉਸ ਵਿਚ ਬਾਂਝਪੁਣਾ ਆਉਂਦਾ ਹੈ।

ਵੋਟ ਦੇਣ ਵਿਚ ਪਹੁੰਚਯੋਗਤਾ

11. ਭਾਰਤੀ ਚੋਣ ਕਮਿਸ਼ਨ ਅਤੇ ਰਾਜ ਚੋਣ ਕਮਿਸ਼ਨਾਂ ਯਕੀਨੀ ਬਣਾਉਣਗੀਆਂ ਕਿ ਸਾਰੇ ਪੋਲਿੰਗ ਸਟੇਸ਼ਨ ਦਿਵਿਆਂਗ ਵਿਅਕਤੀਆਂ ਦੀ ਪਹੁੰਚ ਵਿਚ ਹਨ ਅਤੇ ਚੋਣ ਪ੍ਰਕ੍ਰਿਆ ਨਾਲ ਸਬੰਧਤ ਸਾਰੀ ਸਮੱਗਰੀ ਅਸਾਨੀ ਨਾਲ ਉਨ੍ਹਾਂ ਦੀ ਸਮਝ ਅਤੇ ਪਹੁੰਚ ਵਿਚ ਹੈ।

ਨਿਆਂ ਤੱਕ ਪਹੁੰਚ

12.(1) ਸਬੰਧਤ ਸਰਕਾਰ ਯਕੀਨੀ ਬਣਾਏਗੀ ਕਿ ਦਿਵਿਆਂਗ ਵਿਅਕਤੀ ਬਿਨਾਂ ਕਿਸੇ ਵਿਤਕਰੇ ਤੋਂ ਕਿਸੇ ਅਦਾਲਤ, ਟ੍ਰਿਬਿਊਨਲ, ਅਥਾਰਟੀ, ਕਮਿਸ਼ਨ ਜਾਂ ਨਿਆਂਇਕ ਜਾਂ ਅਰਧ-ਨਿਆਂਇਕ ਜਾਂ ਜਾਂਚ ਅਧਿਕਾਰ ਰੱਖਣ ਵਾਲੀ ਕਿਸੇ ਹੋਰ ਸੰਸਥਾ ਨੂੰ ਪਹੁੰਚ ਕਰ ਸਕਣ।

(2) ਸਬੰਧਤ ਸਰਕਾਰ ਦਿਵਿਆਂਗ ਵਿਅਕਤੀਆਂ, ਖਾਸ ਕਰਕੇ ਉਹ ਜਿਹੜੇ ਪਰਿਵਾਰ ਤੋਂ ਬਗੈਰ ਰਹਿ ਰਹੇ ਹਨ ਅਤੇ ਉਹ ਦਿਵਿਆਂਗ ਜਿਨ੍ਹਾਂ ਨੂੰ ਕਾਨੂੰਨੀ ਅਧਿਕਾਰਾਂ ਦੀ ਵਰਤੋਂ ਲਈ ਵਧੇਰੇ ਸਹਾਇਤਾ ਚਾਹੀਦੀ ਹੈ, ਲਈ ਉਚਿਤ ਸਹਾਇਤਾ ਉਪਾਵਾਂ ਲਈ ਕਦਮ ਚੁੱਕੇਗੀ।

(3) ਕਾਨੂੰਨੀ ਸੇਵਾਵਾਂ ਅਥਾਰਟੀ ਐਕਟ, 1987 ਤਹਿਤ ਗਠਤ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਉਚਿਤ ਰਿਹਾਇਸ਼ ਸਮੇਤ ਉਪਬੰਧ ਬਣਾਏਗੀ 1987 ਦਾ 39 ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦਿਵਿਆਂਗ ਵਿਅਕਤੀਆਂ ਦੀ ਉਨ੍ਹਾਂ ਵਲੋਂ ਪੇਸ਼ ਕੀਤੀ ਕਿਸੇ ਵੀ ਸਕੀਮ, ਪ੍ਰੋਗਰਾਮ, ਸੁਵਿਧਾ ਜਾਂ ਸੇਵਾ ਤੱਕ ਪਹੁੰਚ ਹੋਰਾਂ ਦੇ ਬਰਾਬਰ ਹੈ।

(4) ਸਬੰਧਤ ਸਰਕਾਰ ਨਿਮਨ ਅਨੁਸਾਰ ਕਦਮ ਚੁੱਕੇਗੀ :

(ੳ) ਯਕੀਨੀ ਬਣਾਉਣਾ ਕਿ ਉਨ੍ਹਾਂ ਦੇ ਸਾਰੇ ਜਨਤਕ ਦਸਤਾਵੇਜ਼ ਪਹੁੰਚਯੋਗ ਫਾਰਮੇਟ ਵਿਚ ਹਨ;

(ਅ) ਯਕੀਨੀ ਬਣਾਉਣਾ ਕਿ ਫਾਈਲ ਕਰਨ ਵਾਲੇ ਵਿਭਾਗ, ਰਜਿਸਟਰੀ ਜਾਂ ਕਿਸੇ ਹੋਰ ਰਿਕਾਰਡ ਦੀ ਸਪਲਾਈ ਲੋੜੀਂਦੀ ਸਮੱਗਰੀ ਨਾਲ ਪਹੁੰਚਯੋਗ ਫਾਰਮਾਂ ਵਿਚ ਇਨ੍ਹਾਂ ਨੂੰ ਦਾਇਰ ਕਰਨ, ਸਟੋਰ ਕਰਨ ਜਾਂ ਰੱਖਣ ਅਤੇ ਦਸਤਾਵੇਜ਼ਾਂ ਅਤੇ ਸਬੂਤ ਦਾ ਹਵਾਲਾ ਦੇਣ ਲਈ ਕਰਦੇ ਹਨ; ਅਤੇ

(ੲ) ਦਿਵਿਆਂਗ ਵਿਅਕਤੀਆਂ ਵਲੋਂ ਦਿੱਤੀ ਜਾਂਦੀ ਰਾਇ ਜਾਂ ਦਲੀਲ, ਗਵਾਹੀ ਨੂੰ ਉਨਾਂ ਵਲੋਂ ਤਰਜੀਹ ਦਿੱਤੀ ਜਾਂਦੀ ਭਾਸ਼ਾ ਅਤੇ ਸੰਚਾਰ ਦੇ ਸਾਧਨ ਵਿਚ ਰਿਕਾਰਡ ਕਰਨ ਦੀ ਸੁਵਿਧਾ ਦੇਣ ਲਈ ਸਾਰੀ ਲੋੜੀਂਦੀਆਂ ਸੁਵਿਧਾਵਾਂ ਅਤੇ ਸਮੱਗਰੀ ਉਪਲਬਧ ਕਰਵਾਉਣ ਲਈ ਕਦਮ ਚੁਕੇਗੀ।

ਕਾਨੂੰਨੀ ਸਮਰੱਥਾ

13. (1) ਸਬੰਧਤ ਸਰਕਾਰ ਯਕੀਨੀ ਬਣਾਏਗੀ ਕਿ ਦਿਵਿਆਂਗ ਵਿਅਕਤੀਆਂ ਕੋਲ ਵੀ ਹੋਰਾਂ ਦੇ ਬਰਾਬਰ ਹੀ ਚੱਲ ਜਾਂ ਅਚੱਲ ਜਾਇਦਾਦ ਦੀ ਮਾਲਕੀ ਜਾਂ ਵਿਰਸੇ ਵਿਚ ਲੈਣ, ਵਿੱਤੀ ਮਾਮਲਿਆਂ ਦੇ ਨਿਯੰਤ੍ਰਣ ਅਤੇ ਬੈਂਕ ਕਰਜ਼ੇ, ਗਿਰਵੀ ਰੱਖਣ ਅਤੇ ਹੋਰ ਵਿੱਤੀ ਕਰਜ ਲੈਣ ਦੇ ਅਧਿਕਾਰ ਹੋਣਗੇ।

(2) ਸਬੰਧਤ ਸਰਕਾਰ ਯਕੀਨੀ ਬਣਾਏਗੀ ਕਿ ਦਿਵਿਆਂਗ ਵਿਅਕਤੀ ਜੀਵਨ ਦੇ ਸਾਰੇ ਪੱਖਾਂ ਵਿਚ ਬਰਾਬਰਤਾ ਦੇ ਆਧਾਰ ’ਤੇ ਕਾਨੂੰਨੀ ਸਮਰੱਥਾ ਨੂੰ ਮਾਣਦੇ ਹਨ ਅਤੇ ਕਾਨੂੰਨ ਦੇ ਸਾਹਮਣੇ ਕਿਸੇ ਵੀ ਹੋਰ ਵਿਅਕਤੀ ਦੀ ਤਰ੍ਹਾਂ ਬਰਾਬਰ ਪਛਾਣ ਜਾਂ ਮਾਨਤਾ ਦਾ ਅਧਿਕਾਰ ਰੱਖਦੇ ਹਨ।

(3) ਜੇਕਰ ਕਿਸੇ ਖਾਸ ਵਿੱਤੀ, ਜਾਇਦਾਦ ਸਬੰਧ ਜਾਂ ਹੋਰ ਆਰਥਿਕ ਲੈਣ-ਦੇਣ ਵਿਚ ਸਹਾਇਤਾ ਦੇਣ ਵਾਲੇ ਵਿਅਕਤੀ ਅਤੇ ਦਿਵਿਆਂਗ ਵਿਅਕਤੀ ਵਿਚਕਾਰ ਹਿੱਤ ਸਬੰਧੀ ਕੋਈ ਝਗੜਾ ਜਾਂ ਵਿਵਾਦ ਹੁੰਦਾ ਹੈ ਤਾਂ ਅਜਿਹੀ ਸਹਾਇਤਾ ਕਰਨ ਵਾਲਾ ਵਿਅਕਤੀ ਉਸ ਲੈਣ ਦੇਣ ਵਿਚ ਦਿਵਿਆਂਗ ਵਿਅਕਤੀ ਨੂੰ ਸਹਾਇਤਾ ਦੇਣ ਲਈ ਗੁਰੇਜ ਕਰੇਗਾ:

ਬਸ਼ਰਤੇ ਕਿ ਕੇਵਲ ਇਸ ਆਧਾਰ ’ਤੇ ਕਿ ਸਹਾਇਤਾ ਦੇਣ ਵਾਲਾ ਵਿਅਕਤੀ ਦਿਵਿਆਂਗ ਵਿਅਕਤੀ ਨਾਲ ਖੂਨ ਦੀ ਸਾਂਝ ਜਾਂ ਗੋਦ ਲੈਣ ਕਾਰਨ ਸਬੰਧ ਹੈ, ਕਾਰਣ ਹਿਤ ਦੇ ਵਿਵਾਦ ਦਾ ਕੋਈ ਕਿਆਸ ਨਹੀਂ ਕੀਤਾ ਗਿਆ ਹੋਵੇ।

(4) ਦਿਵਿਆਂਗ ਵਿਅਕਤੀ ਕਿਸੇ ਵੀ ਸਹਾਇਤਾ ਪ੍ਰਬੰਧ ਨੂੰ ਤਬਦੀਲ, ਸੋਧ ਜਾਂ ਭੰਗ ਕਰ ਸਕਦਾ ਹੈ ਅਤੇ ਕਿਸੇ ਹੋਰ ਦੀ ਸਹਾਇਤਾ ਲੈ ਸਕਦਾ ਹੈ :

ਬਸ਼ਰਤੇ ਕਿ ਅਜਿਹੀ ਤਬਦੀਲੀ, ਸੋਧ ਜਾਂ ਭੰਗ ਕਰਨਾ ਸੰਭਾਵੀ ਪ੍ਰਵਿਤੀ ਦੀ ਹੋਵੇ ਅਤੇ ਇਹ ਦਿਵਿਆਂਗ ਵਿਅਕਤੀ ਵਲੋਂ ਉਪਰੋਕਤ ਸਹਾਇਤਾ ਪ੍ਰਬੰਧ ਨਾਲ ਤੀਜੀ ਪਾਰਟੀ ਨੂੰ ਲੈਣ ਦੇਣ ਵਿਚ

ਸ਼ਾਮਲ ਕਰਨ ਨੂੰ ਰੱਦ ਨਾ ਕਰੇ।

(5) ਦਿਵਿਆਂਗ ਵਿਅਕਤੀ ਨੂੰ ਸਹਾਇਤਾ ਦੇਣ ਵਾਲਾ ਕੋਈ ਵੀ ਵਿਅਕਤੀ ਅਣਉਚਿਤ ਰਸੂਖ ਦੀ ਵਰਤੋਂ ਨਹੀਂ ਕਰੇਗਾ ਅਤੇ ਉਸ ਦੀ ਸੁਤੰਤਰਤਾ, ਸਨਮਾਨ ਅਤੇ ਏਕਾਂਤ ਦੀ ਇੱਜ਼ਤ ਕਰੇਗਾ।

ਸਰਪ੍ਰਸਤੀ ਦੀ ਵਿਵਸਥਾ

14. (1) ਨਿਰਧਾਰਤ ਸਮੇਂ ਲਈ ਲਾਗੂ ਕਿਸੇ ਕਾਨੂੰਨ ਵਿਚ ਸ਼ਾਮਲ ਕਿਸੇ ਗੱਲ ਤੋਂ ਇਲਾਵਾ ਇਸ ਐਕਟ ਦੀ ਨੀਤੀ ਜਾਂ ਸ਼ੁਰੂਆਤ ਦੀ ਮਿਤੀ ਤੋਂ ਜਿਥੇ ਜ਼ਿਲ੍ਹਾ ਅਦਾਲਤ ਜਾਂ ਰਾਜ ਸਰਕਾਰ ਵਲੋਂ ਅਧਿਸੂਚਿਤ ਕਿਸੇ ਨਾਮਜ਼ਦ ਅਥਾਰਟੀ ਨੂੰ ਇਹ ਪਤਾ ਚਲਦਾ ਹੈ ਕਿ ਦਿਵਿਆਂਗ ਵਿਅਕਤੀ ਜਿਸ ਨੂੰ ਕਿ ਉਚਿਤ ਸਹਾਇਤਾ ਦਿੱਤੀ ਗਈ ਹੈ ਪਰੰਤੂ ਜਿਹੜਾ ਕਾਨੂੰਨ ਸਬੰਧੀ ਫ਼ੈਸਲੇ ਲੈਣ ਵਿਚ ਅਸਮਰਥ ਹੈ, ਨੂੰ ਇਕ ਸੀਮਿਤ ਸਰਪ੍ਰਸਤ ਦੀ ਸਹਾਇਤਾ ਮੁਹੱਈਆ ਕਰਵਾਈ ਜਾ ਸਕਦੀ ਹੈ ਜਿਸ ਨਾਲ ਅਜਿਹੇ ਢੰਗ ਨਾਲ ਸਲਾਹ ਜਿਸ ਦਾ ਕਿ ਨਿਰਧਾਰਣ ਰਾਜ ਸਰਕਾਰ ਕਰ ਸਕਦੀ ਹੈ, ਕਰਕੇ ਉਹ ਕਾਨੂੰਨ ਸਬੰਧੀ ਫ਼ੈਸਲੇ ਲੈ ਸਕਦਾ ਹੈ:

ਬਸ਼ਰਤੇ ਕਿ ਜ਼ਿਲ੍ਹਾ ਅਦਾਲਤ ਜਾਂ ਨਾਮਜ਼ਦ ਅਥਾਰਟੀ, ਜਿਵੇਂ ਵੀ ਕੇਸ ਹੋਵੇ, ਦਿਵਿਆਂਗ ਵਿਅਕਤੀ ਜਿਸ ਨੂੰ ਕਿ ਸਹਾਇਤਾ ਦੀ ਲੋੜ ਹੈ, ਨੂੰ ਪੂਰੀ ਸਹਾਇਤਾ ਦੇ ਸਕਦਾ ਹੈ ਜਾਂ ਜਿਥੇ ਸੀਮਤ ਸਰਪ੍ਰਸਤੀ ਨੂੰ ਵਾਰ ਵਾਰ ਦੇਣ ਦੀ ਲੋੜ ਪੈਂਦੀ ਹੈ ਤਾਂ ਦਿੱਤੀ ਜਾਣ ਵਾਲੀ ਸਹਾਇਤਾ ਸਬੰਧੀ ਫੈਸਲੇ ਦੀ ਸਮੀਖਿਆ ਅਦਾਲਤ ਜਾਂ ਨਾਮਜ਼ਦ ਅਥਾਰਟੀ, ਜਿਵੇਂ ਵੀ ਕੇਸ ਹੋਵੇ, ਵਲੋਂ ਦਿੱਤੀ ਜਾਣ ਵਾਲੀ ਸਹਾਇਤਾ ਦੀ ਪ੍ਰਵਿਰਤੀ ਅਤੇ ਤਰੀਕੇ ਦਾ ਨਿਰਧਾਰਣ ਕਰਨ ਲਈ ਕੀਤੀ ਜਾਵੇਗੀ।

ਵਿਆਖਿਆ :- ਇਸ ਉਪ-ਧਾਰਾ ਦੇ ਮੰਤਵਾਂ ਲਈ "ਸੀਮਿਤ ਸਰਪ੍ਰਸਤੀ" ਦਾ ਅਰਥ ਹੈ ਸੰਯੁਕਤ ਫ਼ੈਸਲੇ ਦੀ ਪ੍ਰਣਾਲੀ ਜਿਹੜੀ ਕਿ ਸਰਪ੍ਰਸਤ ਅਤੇ ਦਿਵਿਆਂਗ ਵਿਅਕਤੀ ਵਿਚਕਾਰ ਆਪਸੀ ਸਮਝ ਅਤੇ ਇਕ ਦੂਸਰੇ ਦੇ ਭਰੋਸੇ ਉਤੇ ਕਾਰਜ ਕਰਦੀ ਹੈ, ਜਿਹੜੀ ਵਿਸ਼ੇਸ਼ ਸਮੇਂ ਲਈ ਸੀਮਤ ਅਤੇ ਵਿਸ਼ੇਸ਼ ਫ਼ੈਸਲੇ ਅਤੇ ਪਰਿਸਥਿਤੀ ਲਈ ਹੋਵੇਗੀ ਅਤੇ ਦਿਵਿਆਂਗ ਵਿਅਕਤੀ ਦੀ ਇੱਛਾ ਅਨੁਸਾਰ ਕਾਰਜ ਕਰੇਗੀ।

(2) ਇਸ ਐਕਟ ਦੇ ਅਰੰਭ ਹੋਣ ਦੀ ਮਿਤੀ ਨੂੰ ਅਤੇ ਦਿਵਿਆਂਗ ਵਿਅਕਤੀ ਲਈ ਨਿਰਧਾਰਤ ਸਮੇਂ ਲਈ ਲਾਗੂ ਕਿਸੇ ਹੋਰ ਕਾਨੂੰਨ ਦੇ ਕਿਸੇ ਉਪਬੰਧ ਤਹਿਤ ਨਿਯੁਕਤ ਹਰੇਕ ਸਰਪ੍ਰਸਤ ਨੂੰ ਸੀਮਿਤ ਸਰਪ੍ਰਸਤ ਵਜੋਂ ਕਾਰਜ ਕਰਦਾ ਸਮਝਿਆ ਜਾਵੇਗਾ।

(3) ਨਿਯਤ ਅਥਾਰਟੀ ਵਲੋਂ ਕਾਨੂੰਨੀ ਸਰਪ੍ਰਸਤ ਨਿਯੁਕਤ ਕਰਨ ਦੇ ਫੈਸਲੇ ਤੋਂ ਪੀੜਤ ਦਿਵਿਆਂਗ ਵਿਅਕਤੀ ਅਪੀਲ ਅਥਾਰਟੀ ਨੂੰ ਅਪੀਲ ਦਾਇਰ ਕਰ ਸਕਦਾ ਹੈ ਜਿਹੜੀ ਇਸ ਮੰਤਵ ਲਈ ਰਾਜ ਸਰਕਾਰ ਵਲੋਂ ਅਧਿਸੂਚਿਤ ਕੀਤੀ ਗਈ ਹੋਵੇ।

ਸਹਾਇਤਾ ਲਈ ਅਥਾਰਟੀਆਂ ਦੇ ਅਹੁਦੇ

15. (1) ਸਬੰਧਤ ਸਰਕਾਰ ਕਮਿਊਨਿਟੀ ਨੂੰ ਜਾਗਰੁਕ ਕਰਨ ਅਤੇ ਦਿਵਿਆਂਗ ਵਿਅਕਤੀਆਂ ਦੁਆਰਾ ਕਾਨੂੰਨੀ ਸਮਰਥਾ ਦੀ ਵਰਤੋਂ ਕਰਨ ਵਿਚ ਉਨ੍ਹਾਂ ਨੂੰ ਸਹਾਇਤਾ ਦੇਣ ਲਈ ਸਮਾਜਕ ਜਾਗਰੂਕਤਾ ਪੈਦਾ ਕਰਨ ਲਈ ਇੱਕ ਜਾਂ ਇੱਕ ਤੋਂ ਵੱਧ ਅਥਾਰਟੀਆਂ ਨੂੰ ਨਿਯਤ ਕਰ ਸਕਦੀ ਹੈ

(2) ਉਪ-ਧਾਰਾ (1) ਤਹਿਤ ਨਿਯਤ ਅਥਾਰਟੀ ਸੰਸਥਾਵਾਂ ਵਿਚ ਰਹਿੰਦੇ ਦਿਵਿਆਂਗ ਵਿਅਕਤੀਆਂ ਅਤੇ ਉਹ ਜਿਨ੍ਹਾਂ ਨੂੰ ਵਧੇਰੇ ਸਹਾਇਤਾ ਦੀ ਲੋੜ ਹੈ, ਨੂੰ ਆਪਣੀ ਕਾਨੂੰਨੀ ਸਮਰਥਾ ਦੀ ਵਰਤੋਂ ਕਰਨ ਲਈ ਉਚਿਤ ਸਹਾਇਤਾ ਪ੍ਰਬੰਧ ਸਥਾਪਤ ਕਰਨ ਲਈ ਯਤਨ ਕਰੇਗੀ ਅਤੇ ਲੋੜ ਅਨੁਸਾਰ ਹੋਰ ਕਦਮ ਚੁੱਕੇਗੀ।

## ਅਧਿਆਇ – III
## ਸਿੱਖਿਆ

ਸਿੱਖਿਅਕ ਸੰਸਥਾਵਾਂ ਦੇ ਕਰੱਤਵ

16. ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਯਤਨ ਕਰਨਗੀਆਂ ਕਿ ਉਨ੍ਹਾਂ ਵਲੋਂ ਫੰਡ ਦਿੱਤੇ ਜਾਂ ਮਾਨਤਾ ਪ੍ਰਾਪਤ ਸਿੱਖਿਅਕ ਸੰਸਥਾਵਾਂ ਦਿਵਿਆਂਗ ਬੱਚਿਆਂ ਨੂੰ ਪੂਰਣ ਸਿੱਖਿਆ ਮੁਹੱਈਆ ਕਰਨ ਅਤੇ ਇਸ ਮੰਤਵ ਲਈ ਹੇਠ ਲਿਖੇ ਕਾਰਜ ਕਰਨਗੀਆਂ:-

(i) ਬਿਨਾਂ ਕਿਸੇ ਵਿਤਕਰੇ ਤੋਂ ਉਨ੍ਹਾਂ ਨੂੰ ਦਾਖਲਾ ਦੇਣਗੀਆਂ ਅਤੇ ਉਨ੍ਹਾਂ ਨੂੰ ਹੋਰਾਂ ਦੇ ਬਰਾਬਰ ਖੇਡਾਂ ਅਤੇ ਮਨੋਰੰਜਕ ਗਤੀਵਿਧੀਆਂ ਲਈ ਮੌਕੇ ਜਾਂ ਅਵਸਰ ਪ੍ਰਦਾਨ ਕਰਨਗੀਆਂ;

(ii) ਇਮਾਰਤ, ਕੈਂਪਸ ਅਤੇ ਹੋਰ ਸੁਵਿਧਾਵਾਂ ਨੂੰ ਪਹੁੰਚਯੋਗ ਬਣਾਉਣਗੀਆਂ;

(iii) ਵਿਅਕਤੀ ਦੀਆਂ ਲੋੜਾਂ ਅਨੁਸਾਰ ਉਚਿਤ ਸਹੂਲਤਾਂ ਮੁਹੱਈਆ ਕਰਵਾਉਣਗੀਆਂ;

(iv) ਵਿਅਕਤੀਗਤ ਤੋਰ ਤੇ ਜਾਂ ਪਰਿਸਥਿਤੀਆਂ ਵਿਚ ਹੋਰ ਢੰਗ ਨਾਲ ਜ਼ਰੂਰੀ ਸਹਾਇਤਾ ਪ੍ਰਦਾਨ ਕਰਨੀ ਤਾਂ ਜੋ ਪੂਰੀ ਤਰ੍ਹਾਂ ਸ਼ਮੂਲੀਅਤ ਦੇ ਮੰਤਵ ਨਾਲ ਜ਼ਿਆਦਾ ਤੋਂ ਜ਼ਿਆਦਾ ਵਿਦਿਆ ਅਤੇ ਅਨੁਕੂਲ ਸਮਾਜਿਕ ਵਿਕਾਸ ਕਰਨਾ;

(v) ਯਕੀਨੀ ਬਣਾਉਣਗੀਆਂ ਕਿ ਨੇਤਰਹੀਣ ਜਾਂ ਬੋਲੇ ਵਿਅਕਤੀਆਂ ਜਾਂ ਦੋਵੇਂ ਹੀ ਹਨ, ਨੂੰ ਸਿੱਖਿਆ ਉਚਿਤ ਭਾਸ਼ਾਵਾਂ, ਸੰਚਾਰ ਦੇ ਸਾਧਨਾਂ ਅਤੇ ਢੰਗਾਂ ਰਾਹੀਂ ਦਿੱਤੀ ਜਾਂਦੀ ਹੈ;

(vi) ਬੱਚਿਆਂ ਵਿਚ ਮੁੱਢ ਤੋਂ ਹੀ ਵਿਸ਼ੇਸ਼ ਸਿੱਖਣ ਦੀ ਅਯੋਗਤਾ ਨੂੰ ਲੱਭਣਾ ਅਤੇ ਉਚਿਤ ਤਾਮੀਲ ਪ੍ਰਾਪਤ ਕਰਨਾ ਅਤੇ ਉਨ੍ਹਾਂ ਲਈ ਹੋਰ ਮਾਪਦੰਡਾਂ ਨੂੰ ਅਪਨਾਉਣਾ;

(vii) ਹਰੇਕ ਦਿਵਿਆਂਗ ਵਿਦਿਆਰਥੀ ਦੇ ਪ੍ਰਾਪਤੀ ਪੱਧਰ ਨੂੰ ਵੇਖਦੇ ਹੋਏ ਉਨ੍ਹਾਂ ਦੀ ਸ਼ਮੂਲੀਅਤ, ਉੱਨਤੀ ਅਤੇ ਸਿੱਖਿਆ ਦੀ ਮੁਕੰਮਲਤਾ ਦਾ ਨਿਰੀਖਣ ਕਰਨਗੀਆਂ;

(viii) ਦਿਵਿਆਂਗ ਬੱਚਿਆਂ ਨੂੰ ਆਵਾਜਾਈ ਸਹੂਲਤਾਂ ਅਤੇ ਅਜਿਹੇ ਦਿਵਿਆਂਗ ਬੱਚਿਆਂ ਜਿਨ੍ਹਾਂ ਨੂੰ ਕਿ ਵਧਰੇ ਸਹਾਇਤਾ ਦੀ ਲੋੜ ਹੈ, ਨੂੰ ਸੇਵਾਦਾਰ ਮੁਹੱਈਆ ਕਰਵਾਉਣਗੀਆਂ।

---

ਸੰਪੂਰਣ ਸਿੱਖਿਆ ਨੂੰ ਸੌਖਾ ਕਰਨ ਅਤੇ ਵਿਕਸਿਤ ਕਰਨ ਲਈ ਵਿਸ਼ੇਸ਼ ਉਪਾਅ

17. ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਧਾਰਾ 16 ਦੇ ਮੰਤਵਾਂ ਲਈ ਹੇਠ ਲਿਖੇ ਉਪਾਅ ਕਰਨਗੀਆਂ ਅਰਥਾਤ :–

(ੳ) ਦਿਵਿਆਂਗ ਬੱਚਿਆਂ ਦੀ ਸ਼ਨਾਖਤ ਕਰਨ ਲਈ ਹਰੇਕ ਪੰਜ ਸਾਲਾਂ ਵਿਚ ਸਕੂਲ ਜਾਣ ਵਾਲੇ ਬੱਚਿਆਂ ਦਾ ਸਰਵੇਖਣ ਕਰਨਾ, ਉਨ੍ਹਾਂ ਦੀ ਵਿਸ਼ੇਸ਼ ਲੋੜਾਂ ਦਾ ਪਤਾ ਲਗਾਉਣਾ, ਅਤੇ ਸਰਵੇਖਣ ਕਰਨਾ ਕਿ ਉਨ੍ਹਾਂ ਨੂੰ ਕਿਸ ਹੱਦ ਤੱਕ ਪੂਰਾ ਕੀਤਾ ਜਾ ਰਿਹਾ ਹੈ:

ਬਸ਼ਰਤੇ ਕਿ ਪਹਿਲਾਂ ਸਰਵੇਖਣ ਇਸ ਐਕਟ ਦੇ ਅਰੰਭ ਹੋਣ ਦੀ ਮਿਤੀ ਤੋਂ ਦੋ ਸਾਲ ਦੇ ਅੰਦਰ ਕੀਤਾ ਜਾਵੇਗਾ;

(ਅ) ਅਧਿਆਪਕ ਸਿਖਲਾਈ ਸੰਸਥਾਵਾਂ ਉਚਿਤ ਗਿਣਤੀ ਵਿਚ ਸਥਾਪਤ ਕੀਤੀਆਂ ਜਾਣਗੀਆਂ;

(ੲ) ਦਿਵਿਆਂਗ ਅਧਿਆਪਕ ਜਿਹੜੇ ਕਿ ਸੰਕੇਤਕ ਭਾਸ਼ਾ ਅਤੇ ਬ੍ਰੇਲ ਵਿਚ ਸਿਖਿਅਤ ਹਨ, ਸਮੇਤ ਅਧਿਆਪਕਾਂ ਨੂੰ ਸਿਖਲਾਈ ਅਤੇ ਰੁਜ਼ਗਾਰ ਦੇਣਾ ਅਤੇ ਉਨ੍ਹਾਂ ਅਧਿਆਪਕਾਂ ਨੂੰ ਵੀ ਸਿਖਲਾਈ ਅਤੇ ਰੁਜ਼ਗਾਰ ਦੇਣਾ ਜਿਹੜੇ ਕਿ ਬੌਧਿਕ ਤੌਰ ਤੇ ਦਿਵਿਆਂਗ ਬੱਚਿਆਂ ਨੂੰ ਪੜ੍ਹਾਉਣ ਲਈ ਸਿੱਖਿਅਤ ਹਨ;

(ਸ) ਸਕੂਲੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਮਾਵੇਸ਼ੀ ਸਿੱਖਿਆ ਨੂੰ ਸਹਿਯੋਗ ਦੇਣ ਲਈ ਪੇਸ਼ਾਵਰਾਂ ਅਤੇ ਅਮਲੇ ਨੂੰ ਸਿਖਲਾਈ ਦੇਣਾ;

(ਹ) ਸਕੂਲੀ ਸਿੱਖਿਆ ਦੇ ਸਾਰੇ ਪੱਧਰਾਂ 'ਤੇ ਸਿੱਖਿਆ ਸੰਸਥਾਵਾਂ ਨੂੰ ਸਹਾਇਤਾ ਦੇਣ ਲਈ ਸਰੋਤ ਕੇਂਦਰਾਂ ਦੀ ਉਚਿਤ ਗਿਣਤੀ ਨੂੰ ਸਥਾਪਿਤ ਕਰਨਾ;

(ਕ) ਬੋਲਣ ਸਬੰਧੀ ਜਾਂ ਸੰਚਾਰ ਜਾਂ ਭਾਸ਼ਾ ਦੀ ਦਿਵਿਆਂਗਤਾ ਵਾਲੇ ਵਿਅਕਤੀਆਂ ਦੀਆਂ ਰੋਜ਼ਾਨਾ ਜਾਂ ਨਿੱਤਾਪ੍ਰਤੀ ਦੀਆਂ ਸੰਚਾਰ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਉਸ ਦੀ ਆਪਣੀ ਬੋਲਣ ਸਮਰੱਥਾ ਦੀ ਥਾਂ ਸੰਚਾਰ ਦੇ ਸਾਧਨਾਂ ਅਤੇ ਫਾਰਮੈਟਾਂ, ਬ੍ਰੇਲ ਅਤੇ ਸੰਕੇਤਕ ਭਾਸ਼ਾ ਸਮੇਤ ਉਚਿਤ ਵਿਕਲਪੀ ਵਿਧੀਆਂ ਦੀ ਵਰਤੋਂ ਨੂੰ ਉਤਸ਼ਾਹਿਤ ਜਾਂ ਵਿਕਸਿਤ ਕਰਨਾ;

(ਖ) ਨਿਰਧਾਰਤ ਦਿਵਿਆਂਗਤਾ ਵਾਲੇ ਵਿਦਿਆਰਥੀਆਂ ਨੂੰ 18 ਸਾਲ ਤਕ ਦੀ ਉਮਰ ਤਕ ਮੁਫ਼ਤ ਕਿਤਾਬਾਂ, ਹੋਰ ਸਿਖਲਾਈ ਸਮੱਗਰੀ ਅਤੇ ਉਚਿਤ ਸਹਾਇਕ ਉਪਕਰਣ ਮੁਹੱਈਆ ਕਰਨਾ;

(ਗ) ਨਿਰਧਾਰਤ ਦਿਵਿਆਂਗਤਾ ਵਾਲੇ ਵਿਦਿਆਰਥੀਆਂ ਨੂੰ ਉਚਿਤ ਮਾਮਲਿਆਂ ਵਿਚ ਵਜੀਫ਼ੇ ਮੁਹੱਈਆ ਕਰਨਾ;

(ਘ) ਪਾਠਕ੍ਰਮ ਅਤੇ ਪ੍ਰੀਖਿਆ ਪ੍ਰਣਾਲੀ ਵਿਚ ਉਚਿਤ ਤਰਮੀਮਾਂ ਕਰਨਗੀਆਂ ਤਾਂ ਜੋ ਦਿਵਿਆਂਗ

ਵਿਦਿਆਰਥੀਆਂ ਦੀਆਂ ਲੋੜਾਂ ਜਿਵੇਂ ਕਿ ਪ੍ਰੀਖਿਆ ਪਰਚੇ ਨੂੰ ਪੂਰਾ ਕਰਨ ਲਈ ਵਾਧੂ ਸਮਾਂ, ਮੁਨਸ਼ੀ ਜਾਂ ਕਲਰਕ ਦੀ ਸੁਵਿਧਾ, ਦੂਜੇ ਅਤੇ ਤੀਜੇ ਭਾਸ਼ਾ ਕੋਰਸਾਂ ਤੋਂ ਛੋਟ ਨੂੰ ਪੂਰਾ ਕੀਤਾ ਜਾ ਸਕੇ;

(ਛ) ਸਿੱਖਣ ਨੂੰ ਬਿਹਤਰ ਕਰਨ ਲਈ ਖੋਜ ਨੂੰ ਵਿਕਸਿਤ ਕਰਨਾ; ਅਤੇ

(ਚ) ਹੋਰ ਉਪਾਅ ਜਿਨ੍ਹਾਂ ਦੀ ਲੋੜ ਹੋਵੇ।

ਪ੍ਰੌੜ ਸਿੱਖਿਆ

18. ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਪ੍ਰੌੜ ਸਿੱਖਿਆ ਵਿਚ ਅਤੇ ਹੋਰਾਂ ਨਾਲ ਸਮਾਨ ਰੂਪ ਵਿਚ ਸਿੱਖਿਆ ਪ੍ਰੋਗਰਾਮਾਂ ਵਿਚ ਦਿਵਿਆਂਗ ਵਿਅਕਤੀਆਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ, ਸੁਰੱਖਿਅਤ ਅਤੇ ਯਕੀਨੀ ਬਣਾਉਣਗੀਆਂ।

## ਅਧਿਆਇ – IV

## ਹੁਨਰ ਵਿਕਾਸ ਅਤੇ ਰੁਜ਼ਗਾਰ

ਕਿੱਤਾ ਮੁਖੀ ਸਿਖਲਾਈ ਅਤੇ ਸਵੈ-ਰੁਜ਼ਗਾਰ

19. (1) ਸਬੰਧਤ ਸਰਕਾਰ ਦਿਵਿਆਂਗ ਵਿਅਕਤੀਆਂ ਦੇ ਰੁਜ਼ਗਾਰ ਲਈ ਸਹਾਇਤਾ ਅਤੇ ਸਮਰਥਨ ਦੇਣ ਲਈ ਖਾਸ ਕਰਕੇ ਉਨ੍ਹਾਂ ਦੀ ਕਿੱਤਾਮੁਖੀ ਸਿਖਲਾਈ ਅਤੇ ਸਵੈ ਰੁਜ਼ਗਾਰ ਲਈ ਰਿਆਇਤੀ ਦਰਾਂ 'ਤੇ ਕਰਜ਼ ਮੁਹੱਈਆ ਕਰਨ ਸਮੇਤ ਸਕੀਮਾਂ ਅਤੇ ਪ੍ਰੋਗਰਾਮ ਉਲੀਕੇਗੀ।

(2) ਉਪ-ਧਾਰਾ (1) ਵਿਚ ਹਵਾਲਾ ਦਿੱਤੀਆਂ ਸਕੀਮਾਂ ਅਤੇ ਪ੍ਰੋਗਰਾਮ :-

(ੳ) ਸਾਰੇ ਮੁੱਖ ਰਸਮੀ ਅਤੇ ਗੈਰ-ਰਸਮੀ ਕਿੱਤਾਮੁਖੀ ਅਤੇ ਹੁਨਰ ਸਿਖਲਾਈ ਪ੍ਰੋਗਰਾਮਾਂ ਅਤੇ ਸਕੀਮਾਂ ਵਿਚ ਦਿਵਿਆਂਗ ਵਿਅਕਤੀਆਂ ਨੂੰ ਸ਼ਾਮਲ ਕਰਨਾ;

(ਅ) ਯਕੀਨੀ ਬਣਾਉਣਾ ਕਿ ਦਿਵਿਆਂਗ ਵਿਅਕਤੀ ਕੋਲ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰਨ ਲਈ ਉਚਿਤ ਸੁਵਿਧਾਵਾਂ ਅਤੇ ਸਹਾਇਤਾ ਹੈ;

(ੲ) ਬਜ਼ਾਰ ਨਾਲ ਸਰਗਰਮ ਸੰਪਰਕਤਾ ਰੱਖਣ ਵਾਲੇ ਦਿਵਿਆਂਗ ਵਿਅਕਤੀਆਂ ਦੇ ਵਿਕਾਸ ਸਬੰਧੀ, ਬੌਧਿਕ ਅਤੇ ਬਹੁਪੱਖੀ ਦਿਵਿਆਂਗਤਾ ਅਤੇ ਆਤਮਲੀਨਤਾ (ਆੱਟਿਜ਼ਮ) ਵਾਲੇ ਵਿਅਕਤੀਆਂ ਲਈ ਵਿਸ਼ੇਸ਼ ਹੁਨਰ ਸਿਖਲਾਈ ਪ੍ਰੋਗਰਾਮ;

(ਸ) ਮਾਈਕਰੋ ਕ੍ਰੈਡਿਟ ਸਮੇਤ ਰਿਆਇਤੀ ਦਰਾਂ 'ਤੇ ਕਰਜ਼;

(ਹ) ਦਿਵਿਆਂਗ ਵਿਅਕਤੀਆਂ ਵਲੋਂ ਬਣਾਈਆਂ ਗਈਆਂ ਵਸਤੂਆਂ ਦਾ ਮੰਡੀਕਰਨ; ਅਤੇ

(ਕ) ਦਿਵਿਆਂਗ ਵਿਅਕਤੀਆਂ ਦੀ ਸ਼ਮੂਲੀਅਤ ਵਾਲੇ ਹੁਨਰ ਸਿਖਲਾਈ ਅਤੇ ਸਵੈ- ਰੁਜ਼ਗਾਰ ਵਿਚ ਹੋਈ ਪ੍ਰਗਤੀ ਦੇ ਡਾਟਾ ਦੀ ਸਾਂਭ-ਸੰਭਾਲ।

ਰੁਜ਼ਗਾਰ ਵਿਚ ਗੈਰ-ਵਿਤਕਰਾ

20. (1) ਕੋਈ ਸਰਕਾਰੀ ਅਦਾਰਾ ਜਾਂ ਸੰਸਥਾ ਦਿਵਿਆਂਗ ਵਿਅਕਤੀ ਨਾਲ ਰੁਜ਼ਗਾਰ ਨਾਲ ਸਬੰਧਤ ਕਿਸੇ ਵੀ ਮਾਮਲੇ ਵਿਚ ਵਿਤਕਰਾ ਨਹੀਂ ਕਰੇਗੀ:

ਬਸ਼ਰਤੇ ਕਿ ਸਬੰਧਤ ਸਰਕਾਰ ਕਿਸੇ ਅਦਾਰੇ ਵਿਚ ਕੀਤੇ ਜਾਂਦੇ ਕਾਰਜ ਦੀ ਕਿਸਮ ਜਾਂ ਪ੍ਰਵਿਰਤੀ ਦੇ ਕਾਰਣ, ਅਧਿਸੂਚਨਾ ਰਾਹੀਂ ਅਤੇ ਅਜਿਹੀਆਂ ਸ਼ਰਤਾਂ, ਜੇਕਰ ਕੋਈ ਹਨ, ਤਹਿਤ ਇਸ ਧਾਰਾ ਦੇ ਉਪਬੰਧਾਂ ਤੋਂ ਸੰਸਥਾ ਜਾਂ ਅਦਾਰੇ ਨੂੰ ਛੋਟ ਦੇ ਸਕਦੀ ਹੈ।

(2) ਹਰੇਕ ਸਰਕਾਰੀ ਅਦਾਰਾ ਜਾਂ ਸੰਸਥਾ ਦਿਵਿਆਂਗ ਕਰਮਚਾਰੀਆਂ ਨੂੰ ਉਚਿਤ ਸੁਵਿਧਾ ਅਤੇ ਰੁਕਾਵਟ ਮੁਕਤ ਅਤੇ ਪ੍ਰੋਤਸਾਹਨ ਭਰਪੂਰ ਵਾਤਾਵਰਣ ਮੁਹੱਈਆ ਕਰੇਗਾ

(3) ਸਿਰਫ ਦਿਵਿਆਂਗਤਾਂ ਦੇ ਆਧਾਰ ਤੇ ਕਿਸੇ ਵਿਅਕਤੀ ਨੂੰ ਤਰੱਕੀ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ

(4) ਕੋਈ ਵੀ ਸਰਕਾਰੀ ਅਦਾਰਾ ਜਾਂ ਸੰਸਥਾ ਉਸ ਕਰਮਚਾਰੀ ਜਿਹੜਾ ਕਿ ਸਰਵਿਸ ਦੌਰਾਨ ਦਿਵਿਆਂਗ ਹੋਇਆ ਹੈ, ਨੂੰ ਹੇਠਲੇ ਰੁਤਬੇ ਤੇ ਨਹੀਂ ਕਰ ਸਕਦਾ ਹੈ:

ਬਸ਼ਰਤੇ ਕਿ ਜੇਕਰ ਦਿਵਿਆਂਗਤਾ ਤੋਂ ਬਾਅਦ ਕਰਮਚਾਰੀ ਉਸ ਅਹੁਦੇ ਦੇ ਯੋਗ ਨਹੀਂ ਰਹਿ ਜਾਂਦਾ ਜਿਸ ਤੇ ਕਿ ਉਹ ਸੀ ਤਾਂ ਉਸ ਨੂੰ ਉਸ ਅਹੁਦੇ ਦੇ ਬਰਾਬਰ ਦੇ ਤਨਖਾਹ ਸਕੇਲ ਅਤੇ ਸੇਵਾ ਲਾਭਾਂ ਵਾਲੇ ਕਿਸੇ ਹੋਰ ਅਹੁਦੇ ਤੇ ਤਬਦੀਲ ਕੀਤਾ ਜਾ ਸਕਦਾ ਹੈ:

ਅੱਗੋਂ ਬਸ਼ਰਤੇ ਕਿ ਜੇਕਰ ਉਸ ਨੂੰ ਕਿਸੇ ਵੀ ਅਹੁਦੇ ਤੇ ਅਡਜਸਟ ਕਰਨਾ ਸੰਭਵ ਨਹੀਂ ਹੈ ਤਾਂ ਉਸ ਨੂੰ ਵਾਧੂ ਅਹੁਦੇ ਤੇ ਉਦੋਂ ਤਕ ਰਖਿਆ ਜਾ ਸਕਦਾ ਹੈ ਜਦੋਂ ਤਕ ਕਿ ਉਚਿਤ ਅਹੁਦਾ ਉਪਲਬਧ ਨਹੀਂ ਹੁੰਦਾ ਜਾਂ ਜਦੋਂ ਤਕ ਸੇਵਾ ਨਿਵ੍ਰਿਤੀ ਦੀ ਉਮਰ ਤਕ ਨਹੀਂ ਪੁੱਜ ਜਾਂਦਾ, ਜਿਹੜਾ ਵੀ ਪਹਿਲਾਂ ਹੋਵੇ।

(5) ਸਬੰਧਤ ਸਰਕਾਰ ਦਿਵਿਆਂਗ ਵਿਅਕਤੀਆਂ ਦੀ ਪੋਸਟਿੰਗ ਅਤੇ ਟ੍ਰਾਂਸਫਰ ਸਬੰਧੀ ਪਾਲਿਸੀਆਂ ਬਣਾ ਸਕਦੀ ਹੈ:

ਬਰਾਬਰ ਅਵਸਰ ਪਾਲਿਸੀ

21. (1) ਹਰੇਕ ਅਦਾਰਾ ਜਾਂ ਸੰਸਥਾ ਕੇਂਦਰ ਸਰਕਾਰ ਵਲੋਂ ਨਿਰਧਾਰਤ ਕੀਤੇ ਢੰਗ ਵਿਚ ਇਸ ਅਧਿਆਇ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਇਸ ਵਲੋਂ ਕੀਤੇ ਜਾਣ ਵਾਲੇ ਉਪਾਵਾਂ ਦਾ ਵੇਰਵਾ ਦਿੰਦੇ ਹੋਏ ਬਰਾਬਰ ਅਵਸਰ ਪਾਲਿਸੀ ਨੂੰ ਅਧਿਸੂਚਿਤ ਕਰੇਗਾ।

(2) ਹਰੇਕ ਅਦਾਰਾ ਜਾਂ ਸੰਸਥਾ ਉਕਤ ਪਾਲਿਸੀ ਦੀ ਕਾਪੀ ਨੂੰ ਮੁਖ ਕਮਿਸ਼ਨਰ ਜਾਂ ਰਾਜ ਕਮਿਸ਼ਨਰ, ਜਿਹੋ ਜਿਹਾ ਕੇਸ ਹੋਵੇ, ਕੋਲ ਰਜਿਸਟਰ ਕਰੇਗਾ।

ਰਿਕਾਰਡ ਰੱਖਣਾ

22. (1) ਹਰੇਕ ਅਦਾਰਾ ਜਾਂ ਸੰਸਥਾ ਕੇਂਦਰ ਸਰਕਾਰ ਵਲੋਂ ਨਿਰਧਾਰਤ ਕੀਤੇ ਢੰਗ ਅਨੁਸਾਰ ਇਸ ਅਧਿਆਇ ਦੇ ਉਪਬੰਧਾਂ ਦੀ ਪਾਲਣਾ ਕਰਦੇ ਹੋਏ ਰੁਜ਼ਗਾਰ ਦੇ ਮਾਮਲੇ, ਸੁਵਿਧਾਵਾਂ ਅਤੇ ਹੋਰ ਲੋੜੀਂਦੀ ਸੂਚਨਾ ਸਬੰਧੀ ਦਿਵਿਆਂਗ ਵਿਅਕਤੀਆਂ ਦੇ ਰਿਕਾਰਡ ਰੱਖੇਗਾ।

(2) ਹਰੇਕ ਰੁਜ਼ਗਾਰ ਕੇਂਦਰ ਰੁਜ਼ਗਾਰ ਦੀ ਭਾਲ ਕਰ ਰਹੇ ਦਿਵਿਆਂਗ ਵਿਅਕਤੀਆਂ ਦੇ ਰਿਕਾਰਡ ਰੱਖੇਗੀ

(3) ਉਪ-ਧਾਰਾ (1) ਤਹਿਤ ਦਰਜ ਰਿਕਾਰਡ ਸਬੰਧਤ ਸਰਕਾਰ ਵਲੋਂ ਇਸ ਕੰਮ ਲਈ ਅਧਿਕਾਰਤ ਅਜਿਹੇ ਵਿਅਕਤੀਆਂ ਵਲੋਂ ਜਾਂਚ ਲਈ ਸਾਰੇ ਉਚਿਤ ਘੰਟਿਆਂ 'ਤੇ ਖੁਲ੍ਹੇ ਹੋਣਗੇ।

ਸ਼ਿਕਾਇਤ ਨਿਵਾਰਣ ਅਫਸਰ ਦੀ ਨਿਯੁਕਤੀ

23. (1) ਹਰੇਕ ਸਰਕਾਰੀ ਅਦਾਰਾ ਜਾਂ ਸੰਸਥਾ ਧਾਰਾ 19 ਦੇ ਮੰਤਵਾਂ ਲਈ ਸ਼ਿਕਾਇਤ ਨਿਵਾਰਣ ਅਫ਼ਸਰ ਕੋਲ ਸ਼ਿਕਾਇਤ ਦਰਜ ਕਰ ਸਕਦਾ ਹੈ ਅਤੇ ਮੁੱਖ ਕਮਿਸ਼ਨਰ ਜਾਂ ਰਾਜ ਕਮਿਸ਼ਨਰ, ਜਿਵੇਂ ਵੀ ਕੇਸ ਹੋਵੇ, ਅਜਿਹੇ ਅਫਸਰ ਦੀ ਨਿਯੁਕਤੀ ਬਾਰੇ ਸੂਚਿਤ ਕਰੇਗਾ।

(2) ਸੈਕਸ਼ਨ 20 ਦੇ ਉਪਬੰਧਾਂ ਦੀ ਪਾਲਣਾ ਨਾ ਕਰਨ ਨਾਲ ਕੋਈ ਵੀ ਪੀੜਤ ਵਿਅਕਤੀ ਸ਼ਿਕਾਇਤ ਨਿਵਾਰਣ ਅਫਸਰ ਕੋਲ ਸ਼ਿਕਾਇਤ ਦਾਇਰ ਕਰੇਗਾ, ਜੋ ਇਸ ਦੀ ਜਾਂਚ ਕਰੇਗਾ ਅਤੇ ਉਚਿਤ ਕਾਰਵਾਈ ਲਈ ਸੰਸਥਾ ਨਾਲ ਮਾਮਲੇ ਨੂੰ ਆਪਣੇ ਹੱਥ ਲਏਗਾ।

(3) ਸ਼ਿਕਾਇਤ ਨਿਵਾਰਣ ਅਫ਼ਸਰ ਕੇਂਦਰ ਸਰਕਾਰ ਵਲੋਂ ਨਿਰਧਾਰਤ ਕੀਤੇ ਢੰਗ ਵਿਚ ਸ਼ਿਕਾਇਤਾਂ ਦੇ ਰਜਿਸਟਰ ਨੂੰ ਰੱਖੇਗਾ ਅਤੇ ਹਰੇਕ ਸ਼ਿਕਾਇਤ ਦੀ ਜਾਂਚ ਉਸ ਦੇ ਦਰਜ ਕਰਵਾਉਣ ਦੇ ਦੋ ਹਫਤਿਆਂ ਅੰਦਰ ਕੀਤੀ ਜਾਵੇਗੀ

(4) ਜੇਕਰ ਪੀੜਤ ਵਿਅਕਤੀ ਉਸ ਦੀ ਸ਼ਿਕਾਇਤ ਉਪਰ ਕੀਤੀ ਗਈ ਕਾਰਵਾਈ ਤੋਂ ਸੰਤੁਸ਼ਟ ਨਹੀਂ ਹੈ ਤਾਂ ਉਹ ਦਿਵਿਆਂਗਤਾ ਉਤੇ ਜ਼ਿਲ੍ਹਾ ਪੱਧਰੀ ਕਮੇਟੀ ਤੱਕ ਪਹੁੰਚ ਕਰ ਸਕਦਾ ਹੈ।

## ਅਧਿਆਇ – V

## ਸਮਾਜਕ ਸੁਰੱਖਿਆ, ਸਿਹਤ, ਪੁਨਰਵਾਸ ਅਤੇ ਮਨੋਰੰਜਨ

ਸਮਾਜਿਕ ਸੁਰੱਖਿਆ

24. (1) ਸਬੰਧਤ ਸਰਕਾਰ ਆਪਣੀ ਆਰਥਿਕ ਸਮਰੱਥਾ ਅਤੇ ਵਿਕਾਸ ਦੀ ਸੀਮਾ ਵਿਚ ਦਿਵਿਆਂਗ ਵਿਅਕਤੀਆਂ ਨੂੰ ਸਮੁਦਾਇ ਵਿਚ ਜਾਂ ਸੁਤੰਤਰ ਰਹਿਣ ਦੇ ਸਮਰਥ ਬਣਾਉਣ ਲਈ ਉਚਿਤ ਜੀਵਨ ਪੱਧਰ ਲਈ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਅਤੇ ਵਿਕਸਿਤ ਕਰਨ ਲਈ ਲੋੜੀਂਦੀਆਂ ਸਕੀਮਾਂ ਅਤੇ ਪ੍ਰੋਗਰਾਮ ਉਲੀਕੇਗੀ:

ਬਸ਼ਰਤੇ ਕਿ ਅਜਿਹੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਤਹਿਤ ਦਿਵਿਆਂਗ ਵਿਅਕਤੀਆਂ ਨੂੰ ਸਹਾਇਤਾ ਦੇਣ ਦੀ ਮਾਤਰਾ, ਹੋਰਾਂ ਉਤੇ ਲਾਗੂ ਇਸੇ ਤਰ੍ਹਾਂ ਦੀਆਂ ਸਕੀਮਾਂ ਤੋਂ ਘੱਟੋ ਘੱਟ ਪੱਚੀ ਪ੍ਰਤੀਸ਼ਤ ਵੱਧ ਹੋਵੇਗੀ।

(2) ਸਬੰਧਤ ਸਰਕਾਰ ਇਨ੍ਹਾਂ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਉਲੀਕਣ ਦੌਰਾਨ ਦਿਵਿਆਂਗਤਾ ਦੀ ਭਿੰਨਤਾ, ਲਿੰਗ, ਉਮਰ ਅਤੇ ਸਮਾਜਕ-ਆਰਥਿਕ ਰੁਤਬੇ ਵਲ ਉਚਿਤ ਧਿਆਨ ਦੇਵੇਗੀ।

(3) ਉਪ ਧਾਰਾ (1) ਤਹਿਤ ਸਕੀਮਾਂ ਮੁਹੱਈਆ ਕਰਵਾਏਗੀ :-

(ੳ) ਸੁਰੱਖਿਆ, ਸੈਨੀਟੇਸ਼ਨ, ਸਿਹਤ ਦੇਖਭਾਲ ਅਤੇ ਕਾਊਂਸਲਿੰਗ ਪੱਖੋਂ ਚੰਗੇ ਰਹਿਣ ਦੇ ਹਾਲਾਤਾਂ ਵਾਲੇ ਕਮਿਊਨਿਟੀ ਕੇਂਦਰ ਲਈ;

(ਅ) ਦਿਵਿਆਂਗ ਬੱਚਿਆਂ ਜਿਨ੍ਹਾਂ ਦਾ ਕੋਈ ਪਰਿਵਾਰ ਨਹੀਂ ਹੈ ਜਾਂ ਜਿਨ੍ਹਾਂ ਨੂੰ ਤਿਆਗ ਦਿੱਤਾ ਗਿਆ ਹੈ ਜਾਂ ਜਿਹੜੇ ਬੇਆਸਰੇ ਜਾਂ ਰੁਜ਼ਗਾਰ ਰਹਿਤ ਹਨ ਸਮੇਤ ਵਿਅਕਤੀਆਂ ਲਈ ਸੁਵਿਧਾਵਾਂ ਲਈ;

(ੲ) ਕੁਦਰਤੀ ਜਾਂ ਮਨੁੱਖੀ ਆਫਤਾਂ ਦੌਰਾਨ ਅਤੇ ਝਗੜੇ ਵਾਲੇ ਖੇਤਰਾਂ ਵਿਚ ਸਹਾਇਤਾ ਲਈ;

(ਸ) ਉਪਜੀਵਿਕਾ ਲਈ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਦਿਵਿਆਂਗ ਔਰਤਾਂ ਨੂੰ ਸਹਾਇਤਾ ਲਈ;

(ਹ) ਖਾਸ ਕਰਕੇ ਸ਼ਹਿਰੀ ਗੰਦੀ ਬਸਤੀਆਂ ਅਤੇ ਪੇਂਡੂ ਇਲਾਕਿਆਂ ਵਿਚ ਸਾਫ ਪੀਣਯੋਗ ਪਾਣੀ ਅਤੇ ਉਚਿਤ ਅਤੇ ਪਹੁੰਚਯੋਗ ਸੈਨੀਟੇਸ਼ਨ ਸੇਵਾਵਾਂ ਤੱਕ ਪਹੁੰਚ;

(ਕ) ਅਧਿਸੂਚਿਤ ਕੀਤੇ ਗਏ ਆਮਦਨ ਗਰੁੱਪ ਵਿਚ ਆਉਣ ਵਾਲੇ ਦਿਵਿਆਂਗ ਵਿਅਕਤੀਆਂ ਨੂੰ ਮੁਫਤ ਸੁਧਾਰਕ ਸਰਜਰੀ ਅਤੇ ਸਹਾਇਤਾ, ਉਪਕਰਣ, ਦਵਾਈਆਂ ਅਤੇ ਡਾਇਗਨੋਸਟਿਕ (ਲੈਬ ਜਾਂਚ) ਸੇਵਾਵਾਂ ਦਾ ਉਪਬੰਧ;

(ਖ) ਅਧਿਸੂਚਿਤ ਕੀਤੇ ਆਮਦਨ ਗਰੁੱਪ ਤਹਿਤ ਦਿਵਿਆਂਗ ਵਿਅਕਤੀਆਂ ਨੂੰ ਦਿਵਿਆਂਗਤਾ ਪੈਨਸ਼ਨ;

(ਗ) ਦੋ ਸਾਲ ਤੋਂ ਵਧ ਸਮੇਂ ਲਈ ਵਿਸ਼ੇਸ਼ ਰੁਜ਼ਗਾਰ ਕੇਂਦਰ ਕੋਲ ਰਜਿਸਟਰ ਦਿਵਿਆਂਗ ਵਿਅਕਤੀਆਂ ਨੂੰ ਬੇਰੁਜ਼ਗਾਰੀ ਭੱਤਾ ਜਿਨ੍ਹਾਂ ਨੂੰ ਕਿਸੇ ਕਿੱਤੇ ਵਿਚ ਨਹੀਂ ਲਗਾਇਆ ਜਾ ਸਕਿਆ;

(ਘ) ਵਧੇਰੇ ਸਹਾਇਤਾ ਵਾਲੀਆਂ ਲੋੜਾਂ ਵਾਲੇ ਦਿਵਿਆਂਗ ਵਿਅਕਤੀਆਂ ਨੂੰ ਦੇਖ-ਭਾਲ ਭੱਤਾ;

(ਙ) ਕਰਮਚਾਰੀ ਰਾਜ ਬੀਮਾ ਸਕੀਮਾਂ ਜਾਂ ਕਿਸੇ ਹੋਰ ਕਾਨੂੰਨੀ ਜਾਂ ਸਰਕਾਰ ਵਲੋਂ ਪ੍ਰਯੋਜਤ ਬੀਮਾ ਸਕੀਮਾਂ ਤਹਿਤ ਕਵਰ ਨਾ ਹੁੰਦੇ ਦਿਵਿਆਂਗ ਵਿਅਕਤੀਆਂ ਲਈ ਵਿਸਤ੍ਰਿਤ ਬੀਮਾ ਸਕੀਮ;

(ਚ) ਕੋਈ ਹੋਰ ਮਾਮਲਾ ਜਿਸ ਨੂੰ ਸਰਕਾਰ ਉਚਿਤ ਸਮਝੇ।

---

25. (1) ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਦਿਵਿਆਂਗ ਵਿਅਕਤੀਆਂ ਲਈ ਲੋੜੀਂਦੇ ਕਦਮ ਹੇਠ ਲਿਖਿਆਂ ਨੂੰ ਮੁਹੱਈਆ ਕਰਨ ਲਈ ਚੁੱਕੇਗੀ :- ਸਿਹਤ ਸੰਭਾਲ

(ੳ) ਆਲੇ-ਦੁਆਲੇ ਖਾਸ ਕਰਕੇ ਪੇਂਡੂ ਇਲਾਕਿਆਂ ਵਿਚ ਅਧਿਸੂਚਿਤ ਕੀਤੀ ਪਰਿਵਾਰਕ ਆਮਦਨ ਤਹਿਤ ਮੁਫ਼ਤ ਸਿਹਤ ਸੰਭਾਲ;

(ਅ) ਸਰਕਾਰੀ ਅਤੇ ਨਿੱਜੀ ਹਸਪਤਾਲਾਂ ਅਤੇ ਹੋਰ ਸਿਹਤ ਸੰਭਾਲ ਸੰਸਥਾਵਾਂ ਅਤੇ ਕੇਂਦਰਾਂ ਵਿਚ ਰੁਕਾਵਟ ਮੁਕਤ ਪਹੁੰਚ;

(ੲ) ਦੇਖਭਾਲ ਅਤੇ ਉਪਚਾਰ ਨੂੰ ਤਰਜੀਹ।

(2) ਸਬੰਧਤ ਸਰਕਾਰ ਅਤੇ ਸਥਾਨਕ ਸੰਸਥਾਵਾਂ ਸਿਹਤ ਸੰਭਾਲ ਨੂੰ ਉਤਸ਼ਾਹਿਤ ਕਰਨ ਅਤੇ ਦਿਵਿਆਂਗਤਾ ਦੀਆਂ ਘਟਨਾਵਾਂ ਨੂੰ ਰੋਕਣ ਲਈ ਉਪਾਅ ਕਰੇਗੀ ਅਤੇ ਸਕੀਮਾਂ ਜਾਂ ਪ੍ਰੋਗਰਾਮ ਬਣਾਏਗੀ ਅਤੇ ਇਸ ਮੰਤਵ ਲਈ ਹੇਠ ਲਿਖੇ ਕਾਰਜ ਕਰੇਗੀ :-

(ੳ) ਦਿਵਿਆਂਗਤਾ ਦੀਆਂ ਘਟਨਾਵਾਂ ਦੇ ਕਾਰਣਾਂ ਨਾਲ ਸਬੰਧਤ ਸਰਵੇਖਣ, ਜਾਂਚ ਅਤੇ ਖੋਜ ਕਰੇਗੀ ਜਾਂ ਕਰਵਾਏਗੀ;

(ਅ) ਦਿਵਿਆਂਗਤਾ ਨੂੰ ਰੋਕਣ ਲਈ ਵੱਖ ਵੱਖ ਢੰਗਾਂ ਨੂੰ ਉਤਸ਼ਾਹਿਤ ਕਰੇਗੀ;

(ੲ) ਦਿਵਿਆਂਗਤਾ ਦੇ "ਖਤਰੇ ਤੇ" (ਐਟ ਰਿਸਕ) ਤੇ ਕੇਸਾਂ ਦੀ ਪਛਾਣ ਕਰਨ ਦੇ ਮੰਤਵ ਨਾਲ ਸਾਲ ਵਿਚ ਘੱਟੋ ਘੱਟ ਇਕ ਵਾਰ ਸਾਰੇ ਬੱਚਿਆਂ ਦੀ ਜਾਂਚ ਕਰੇਗੀ;

(ਸ) ਪ੍ਰਾਇਮਰੀ ਸਿਹਤ ਕੇਂਦਰ ਵਿਚ ਅਮਲੇ ਦੀ ਸਿਖਲਾਈ ਲਈ ਸੁਵਿਧਾਵਾਂ ਮੁਹੱਈਆ ਕਰੇਗੀ;

(ਹ) ਆਮ ਸਿਹਤ, ਸਫਾਈ ਅਤੇ ਸੈਨੀਟੇਸ਼ਨ ਲਈ ਸੂਚਨਾ ਦਾ ਪ੍ਰਸਾਰ ਅਤੇ ਜਾਗਰੂਕਤਾ ਪ੍ਰੋਗਰਾਮ ਪ੍ਰਯੋਜਿਤ ਕਰੇਗੀ ਜਾਂ ਕਰਵਾਏਗੀ;

(ਕ) ਜੱਚੇ ਅਤੇ ਬੱਚੇ ਦੀ ਜਨਮ ਪੂਰਵ, ਜਨਮ ਤੋਂ ਬਾਅਦ ਅਤੇ ਇਸ ਦੇ ਵਿਚਕਾਰ ਦੀ ਅਵਸਥਾ (ਪੈਰੀਨੇਟਲ) ਦੇਖਭਾਲ ਲਈ ਉਪਾਅ ਕਰੇਗੀ;

(ਖ) ਪ੍ਰੀ-ਸਕੂਲਾਂ, ਸਕੂਲਾਂ, ਪ੍ਰਾਇਮਰੀ ਸਿਹਤ ਕੇਂਦਰਾਂ, ਪਿੰਡ ਪੱਧਰ ਤੇ ਕਾਮਿਆਂ ਅਤੇ ਆਂਗਨਵਾੜੀ ਵਰਕਰਾਂ ਰਾਹੀਂ ਜਨਤਾ ਨੂੰ ਸਿੱਖਿਅਤ ਕਰੇਗੀ;

(ਗ) ਦਿਵਿਆਂਗਤਾ ਦੇ ਕਾਰਣਾਂ ਉਤੇ ਅਤੇ ਇਸ ਦੀ ਰੋਕਥਾਮ ਲਈ ਅਪਣਾਏ ਜਾਣ ਵਾਲੇ ਉਪਾਵਾਂ ਬਾਰੇ ਟੈਲੀਵਿਜ਼ਨ, ਰੇਡੀਓ ਅਤੇ ਹੋਰ ਜਨਤਕ ਮੀਡੀਆ ਰਾਹੀਂ ਲੋਕਾਂ ਵਿਚ ਜਾਗਰੂਕਤਾ ਪੈਦਾ ਕਰੇਗੀ;

(ਘ) ਕੁਦਰਤੀ ਆਫਤਾਂ ਅਤੇ ਖਤਰੇ ਦੀਆਂ ਹੋਰ ਸਥਿਤੀਆਂ ਦੇ ਸਮੇਂ ਦੌਰਾਨ ਸਿਹਤ ਸੰਭਾਲ।

(ਞ) ਜੀਵਨ ਨੂੰ ਬਚਾਉਣ ਲਈ ਅਪਾਤਕਾਲੀ ਉਪਚਾਰ ਅਤੇ ਪ੍ਰਕ੍ਰਿਆਵਾਂ ਲਈ ਜ਼ਰੂਰੀ ਮੈਡੀਕਲ ਸੁਵਿਧਾਵਾਂ; ਅਤੇ

(ਚ) ਦਿਵਿਆਂਗ ਔਰਤਾਂ ਲਈ ਜਿਨਸੀ ਅਤੇ ਜਨਮ ਦੇਣ ਸਬੰਧੀ ਸਿਹਤ ਸੰਭਾਲ।

ਬੀਮਾ ਸਕੀਮਾਂ

26. ਸਬੰਧਤ ਸਰਕਾਰ ਅਧਿਸੂਚਨਾ ਰਾਹੀਂ ਆਪਣੇ ਦਿਵਿਆਂਗ ਕਰਮਚਾਰੀਆਂ ਲਈ ਬੀਮਾ ਸਕੀਮਾਂ ਬਣਾਏਗੀ।

ਪੁਨਰਵਾਸ

27. (1) ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਆਪਣੀ ਆਰਥਿਕ ਸਮਰਥਾ ਅਤੇ ਵਿਕਾਸ ਤਹਿਤ ਖਾਸ ਕਰਕੇ ਸਾਰੇ ਦਿਵਿਆਂਗ ਵਿਅਕਤੀਆਂ ਲਈ ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰ ਵਿਚ ਪੁਨਰਵਾਸ ਦੇ ਪ੍ਰੋਗਰਾਮਾਂ ਅਤੇ ਸੁਵਿਧਾਵਾਂ ਦੀ ਜ਼ਿੰਮੇਵਾਰੀ ਲਵੇਗੀ ਜਾਂ ਕਰਵਾਏਗੀ।

(2) ਉਪ-ਧਾਰਾ (1) ਦੇ ਮੰਤਵਾਂ ਲਈ ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਗੈਰ-ਸਰਕਾਰੀ ਸੰਗਠਨਾਂ ਨੂੰ ਵਿੱਤੀ ਸਹਾਇਤਾ ਦੇਵੇਗੀ।

(3) ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਪੁਨਰਵਾਸ ਨੀਤੀਆਂ ਨੂੰ ਉਲੀਕਣ ਦੌਰਾਨ ਗੈਰ ਸਰਕਾਰੀ ਸੰਗਠਨ ਜਿਹੜੇ ਕਿ ਦਿਵਿਆਂਗ ਵਿਅਕਤੀਆਂ ਲਈ ਕਾਰਜ ਕਰਦੇ ਹੋਣ, ਨਾਲ ਸਲਾਹ-ਮਸ਼ਵਰਾ ਕਰਨਗੀਆਂ

ਖੋਜ ਅਤੇ ਵਿਕਾਸ

28. ਸਬੰਧਤ ਸਰਕਾਰ ਵਸੇਬੇ ਅਤੇ ਪੁਨਰਵਾਸ ਦੇ ਮੁੱਦਿਆਂ ਅਤੇ ਹੋਰ ਅਜਿਹੇ ਮੁੱਦਿਆਂ 'ਤੇ ਜਿਹੜੇ ਕਿ ਦਿਵਿਆਂਗ ਵਿਅਕਤੀਆਂ ਦੇ ਸਸ਼ਕਤੀਕਰਣ ਲਈ ਲੋੜੀਂਦੇ ਹਨ, ਵਿਅਕਤੀਆਂ ਅਤੇ ਸੰਸਥਾਵਾਂ ਰਾਹੀਂ ਖੋਜ ਅਤੇ ਵਿਕਾਸ ਨੂੰ ਅਰੰਭ ਕਰਨਗੀਆਂ ਜਾਂ ਕਰਵਾਉਣਗੀਆਂ।

ਸਭਿਆਚਾਰ ਅਤੇ ਮਨੋਰੰਜਨ

29. ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਸਾਰੇ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਉਤਸ਼ਾਹਿਤ ਕਰਨ ਲਈ ਕਦਮ ਚੁੱਕਣਗੀਆਂ ਤਾਂ ਜੋ ਉਹ ਸਭਿਆਚਾਰਕ ਜੀਵਨ ਬਤੀਤ ਕਰ ਸਕਣ ਅਤੇ ਹੋਰਨਾਂ ਨਾਲ ਸਮਾਨ ਰੂਪ ਵਿਚ ਮਨੋਰੰਜਕ ਗਤੀਵਿਧੀਆਂ ਵਿਚ ਭਾਗ ਲੈ ਸਕਣ। ਇਨ੍ਹਾਂ ਵਿਚ ਸ਼ਾਮਲ ਹਨ :-

(ੳ) ਦਿਵਿਆਂਗ ਕਲਾਕਾਰਾਂ ਅਤੇ ਲੇਖਕਾਂ ਨੂੰ ਸੁਵਿਧਾਵਾਂ, ਸਹਾਇਤਾ ਅਤੇ ਸਪਾਂਸਰਸ਼ਿਪ ਤਾਂ ਜੋ ਆਪਣੇ ਹਿਤਾਂ ਅਤੇ ਪ੍ਰਤਿਭਾ ਨੂੰ ਅੱਗੇ ਵਧਾ ਸਕਣ;

(ਅ) ਦਿਵਿਆਂਗ ਇਤਿਹਾਸ ਅਜਾਇਬ ਘਰ ਦੀ ਸਥਾਪਤੀ ਜੋ ਕਿ ਦਿਵਿਆਂਗ ਵਿਅਕਤੀਆਂ ਦੇ ਇਤਿਹਾਸਕ ਤਜ਼ਰਬਿਆਂ ਨੂੰ ਦਰਸਾਏ;

(ੲ) ਦਿਵਿਆਂਗ ਵਿਅਕਤੀਆਂ ਤੱਕ ਕਲਾ ਨੂੰ ਪਹੁੰਚਯੋਗ ਬਣਾਉਣਾ;

(ਸ) ਮਨੋਰੰਜਨ ਕੇਂਦਰਾਂ ਅਤੇ ਹੋਰ ਸਬੰਧਤ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ;

(ਹ) ਨਾਚ, ਕਲਾ ਦੀਆਂ ਕਲਾਸਾਂ, ਆਊਟਡੋਰ ਕੈਂਪ ਅਤੇ ਜੋਖਮ ਭਰੀਆਂ ਗਤੀਵਿਧੀਆਂ ਵਿਚ ਭਾਗ ਲੈਣ ਲਈ ਸੁਵਿਧਾ ਦੇਣਾ;

(ਕ) ਦਿਵਿਆਂਗ ਵਿਅਕਤੀਆਂ ਦੀਆਂ ਸ਼ਮੂਲੀਅਤ ਅਤੇ ਪਹੁੰਚ ਨੂੰ ਸਮਰੱਥ ਬਣਾਉਣ ਲਈ ਸਭਿਆਚਾਰਕ ਅਤੇ ਆਰਟਸ ਵਿਸ਼ਿਆਂ ਵਿਚ ਕੋਰਸ ਜਾਂ ਪਾਠਕ੍ਰਮ ਬਣਾਉਣਾ;

(ਖ) ਮਨੋਰੰਜਕ ਗਤੀਵਿਧੀਆਂ ਵਿਚ ਦਿਵਿਆਂਗ ਵਿਅਕਤੀਆਂ ਦੀ ਸਮੂਲੀਅਤ ਅਤੇ ਪਹੁੰਚ ਦੀ ਸੁਵਿਧਾ ਲਈ ਟੈਕਨਾਲੋਜੀ, ਸਹਾਇਕ ਉਪਕਰਣ ਵਿਕਸਿਤ ਕਰਨਾ; ਅਤੇ

(ਗ) ਇਹ ਯਕੀਨੀ ਬਣਾਉਣਾ ਕਿ ਬੋਲੇ ਜਾਂ ਸੁਨਣਸ਼ਕਤੀ ਵਿਚ ਨੁਕਸ ਵਾਲੇ ਵਿਅਕਤੀਆਂ ਦੀ ਸੰਕੇਤਕ ਭਾਸ਼ਾ ਰਾਹੀਂ ਜਾਂ ਸਬ-ਟਾਈਟਲਾਂ (ਨੀਚੇ ਦਿੱਤੇ ਸਿਰਲੇਖਾਂ) ਰਾਹੀਂ ਟੈਲੀਵਿਜਨ ਪ੍ਰੋਗਰਾਮ ਤੱਕ ਪਹੁੰਚ ਹੋਵੇ।

---

**ਖੇਡ ਗਤੀਵਿਧੀਆਂ**

30. (1) ਸਬੰਧਤ ਸਰਕਾਰ ਦਿਵਿਆਂਗ ਵਿਅਕਤੀਆਂ ਦੀ ਖੇਡ ਗਤੀਵਿਧੀਆਂ ਵਿਚ ਸਮੂਲੀਅਤ ਨੂੰ ਯਕੀਨੀ ਬਣਾਉਣ ਲਈ ਉਪਾਅ ਕਰੇਗੀ।

(2) ਖੇਡ ਅਥਾਰਟੀਆਂ ਦਿਵਿਆਂਗ ਵਿਅਕਤੀਆਂ ਦੇ ਖੇਡਾਂ ਵਿਚ ਹਿੱਸਾ ਲੈਣ ਦੇ ਅਧਿਕਾਰ ਨੂੰ ਮਾਨਤਾ ਦੇਣਗੀਆਂ ਅਤੇ ਖੇਡ ਪ੍ਰਤਿਭਾ ਨੂੰ ਉਤਸ਼ਾਹਿਤ ਅਤੇ ਵਿਕਸਤ ਕਰਨ ਲਈ ਆਪਣੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਵਿਚ ਵਿਅਕਤੀਆਂ ਦੀ ਸਮੂਲੀਅਤ ਲਈ ਉਚਿਤ ਉਪਬੰਧ ਕਰੇਗੀ।

(3) ਉਪ-ਧਾਰਾਵਾਂ (1) ਅਤੇ (2) ਵਿਚ ਦਰਜ ਉਪਬੰਧਾਂ ਨਾਲ ਪੱਖਪਾਤ ਨਾ ਕਰਦੇ ਹੋਏ ਸਬੰਧਤ ਸਰਕਾਰ ਅਤੇ ਖੇਡ ਅਥਾਰਟੀਆਂ ਹੇਠ ਲਿਖਿਆਂ ਲਈ ਉਪਾਅ ਕਰਨਗੀਆਂ :-

(ੳ) ਸਾਰੀਆਂ ਖੇਡ ਗਤੀਵਿਧੀਆਂ ਵਿਚ ਦਿਵਿਆਂਗ ਵਿਅਕਤੀਆਂ ਦੀ ਪਹੁੰਚ, ਸਮੂਲੀਅਤ ਅਤੇ ਭਾਗ ਲੈਣ ਨੂੰ ਯਕੀਨੀ ਬਣਾਉਣ ਲਈ ਕੋਰਸਾਂ (ਪਾਠਕ੍ਰਮ) ਅਤੇ ਪ੍ਰੋਗਰਾਮਾਂ ਨੂੰ ਪੁਨਰਗਠਤ ਕਰਨਾ;

(ਅ) ਦਿਵਿਆਂਗ ਵਿਅਕਤੀਆਂ ਲਈ ਸਾਰੀਆਂ ਖੇਡ ਗਤੀਵਿਧੀਆਂ ਦੀਆਂ ਬੁਨਿਆਦੀ ਢਾਂਚਾਂ ਸਹੂਲਤਾਂ ਨੂੰ ਮੁੜ ਵਿਉਂਤਬੱਧ ਅਤੇ ਸਹਾਇਤਾ ਦੇਣਾ;

(ੲ) ਸਾਰੇ ਦਿਵਿਆਂਗ ਵਿਅਕਤੀਆਂ ਦੀਆਂ ਖੇਡ ਗਤੀਵਿਧੀਆਂ ਵਿਚ ਸਮਰੱਥਾ, ਪ੍ਰਤਿਭਾ ਅਤੇ ਯੋਗਤਾ ਨੂੰ ਵਧਾਉਣ ਲਈ ਤਕਨਾਲੋਜੀ ਵਿਕਸਤ ਕਰਨਾ;

(ਸ)ਸਾਰੇ ਦਿਵਿਆਂਗ ਵਿਅਕਤੀਆਂ ਦੀ ਖੇਡ ਗਤੀਵਿਧੀਆਂ ਵਿਚ ਪ੍ਰਭਾਵਕਾਰੀ ਸਮੂਲੀਅਤ ਨੂੰ ਯਕੀਨੀ ਬਣਾਉਣ ਲਈ ਮਲਟੀ-ਸੈਂਸਰੀ ਉਪਕਰਣ ਮੁਹੱਈਆ ਕਰਨਾ;

(ਹ) ਦਿਵਿਆਂਗ ਵਿਅਕਤੀਆਂ ਦੀ ਸਿਖਲਾਈ ਲਈ ਖੇਡ ਸਹੂਲਤਾਂ ਦੇ ਵਿਕਾਸ ਲਈ ਫੰਡ ਦੇਣਾ;

(ਕ) ਦਿਵਿਆਂਗ ਵਿਅਕਤੀਆਂ ਲਈ ਵਿਸ਼ੇਸ਼ ਤੌਰ ਤੇ ਖੇਡ ਸਮਾਗਮ ਉਤਸ਼ਾਹਤ ਅਤੇ ਆਯੋਜਤ ਕਰਨਾ।

---

## ਅਧਿਆਇ – VI

## ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਲਈ ਵਿਸ਼ੇਸ਼ ਉਪਬੰਧ

**ਨਿਰਧਾਰਤ ਦਿਵਿਆਂਗਤਾ ਵਾਲੇ ਬੱਚਿਆਂ ਲਈ ਮੁਫਤ ਸਿੱਖਿਆ**

2009 ਦਾ 35

31. (1) ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਬੱਚਿਆਂ ਦੇ ਅਧਿਕਾਰ ਐਕਟ 2009 ਵਿਚ ਦਰਜ ਹੋਣ ਦੇ ਬਾਵਜੂਦ ਵੀ ਨਿਰਧਾਰਤ ਦਿਵਿਆਂਗਤਾ ਵਾਲੇ ਛੇ ਤੋਂ ਅਠਾਰਾਂ ਸਾਲ ਤੱਕ ਦੇ ਬੱਚੇ ਨੂੰ ਗੁਆਂਢ ਦੇ ਸਕੂਲ ਜਾਂ ਵਿਸ਼ੇਸ਼ ਸਕੂਲ ਜਿਥੇ ਉਸ ਦੀ ਇੱਛਾ ਹੋਵੇ, ਵਿਚ ਮੁਫਤ ਸਿੱਖਿਆ ਲੈਣ ਦਾ ਅਧਿਕਾਰ ਹੋਵੇਗਾ।

(2) ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਯਕੀਨੀ ਬਣਾਉਣਗੀਆਂ ਕਿ ਨਿਰਧਾਰਤ ਦਿਵਿਆਂਗਤਾ ਵਾਲੇ ਹਰੇਕ ਬੱਚੇ ਨੂੰ ਅਠਾਰਾਂ ਸਾਲ ਦੀ ਉਮਰ ਤੱਕ ਉਚਿਤ ਵਾਤਾਵਰਣ ਵਿਚ ਮੁਫ਼ਤ ਸਿੱਖਿਆ ਪ੍ਰਾਪਤ ਹੁੰਦੀ ਹੈ।

---

**ਉਚੇਰੀ ਸਿੱਖਿਆ ਸੰਸਥਾਵਾਂ ਵਿਚ ਰਾਖਵਾਂਕਰਨ**

32. (1) ਉਚੇਰੀ ਸਿੱਖਿਆ ਦੀਆਂ ਸਾਰੀਆਂ ਸੰਸਥਾਵਾਂ ਅਤੇ ਹੋਰ ਉਚੇਰੀ ਸਿੱਖਿਆ ਜਿਨ੍ਹਾਂ ਨੂੰ ਸਰਕਾਰ ਤੋਂ ਸਹਾਇਤਾ ਪ੍ਰਾਪਤ ਹੁੰਦੀ ਹੈ ਉਹ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਲਈ ਘੱਟੋਂ ਘੱਟ ਪੰਜ ਪ੍ਰਤੀਸ਼ਤ ਸੀਟਾਂ ਰਾਖਵੀਆਂ ਰੱਖਣਗੇ।

(2) ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਨੂੰ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਵਿਚ ਦਾਖਲੇ ਲਈ ਉਪਰਲੀ ਉਮਰ ਸੀਮਾ ਵਿਚ ਪੰਜ ਸਾਲ ਦੀ ਛੋਟ ਦਿੱਤੀ ਜਾਵੇਗੀ।

ਰਾਖਵੇਂਕਰਨ ਲਈ ਆਸਾਮੀਆਂ ਦੀ ਸ਼ਨਾਖਤ

33. ਸਬੰਧਤ ਸਰਕਾਰ :-

(i) ਅਦਾਰਿਆਂ ਵਿਚ ਅਜਿਹੀਆਂ ਆਸਾਮੀਆਂ ਦੀ ਸ਼ਨਾਖਤ ਕਰੇਗੀ ਜਿਹੜੀਆਂ ਕਿ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਦੀ ਸਬੰਧਤ ਸ਼੍ਰੇਣੀ ਵਲੋਂ ਭਰੀਆਂ ਜਾ ਸਕਦੀਆਂ ਹਨ ਜੋ ਕਿ ਧਾਰਾ 34 ਦੇ ਉਪਬੰਧਾਂ ਦੇ ਅਨੁਸਾਰ ਰਾਖਵੀਆਂ ਖਾਲੀ ਆਸਾਮੀਆਂ ਦੇ ਸਬੰਧ ਵਿਚ ਹੋਣਗੀਆਂ;

(ii) ਅਜਿਹੀਆਂ ਆਸਾਮੀਆਂ ਦੀ ਸ਼ਨਾਖਤ ਲਈ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਦੀ ਪ੍ਰਤੀਨਿਧਤਾ ਨਾਲ ਮਾਹਿਰ ਕਮੇਟੀ ਦਾ ਗਠਨ ਕਰੇਗੀ; ਅਤੇ

(iii) ਸ਼ਨਾਖਤ ਕੀਤੀਆਂ ਆਸਾਮੀਆਂ ਦੀ ਨਿਯਤਕਾਲੀ ਸਮੀਖਿਆ ਜੋ ਕਿ ਹਰ ਤਿੰਨ ਸਾਲ ਵਿਚ ਕੀਤੀ ਜਾਵੇਗੀ।

---

ਰਾਖਵਾਂਕਰਨ

34. (1) ਹਰੇਕ ਸਬੰਧਤ ਸਰਕਾਰ ਹਰ ਸਰਕਾਰੀ ਅਦਾਰੇ ਵਿਚ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਨਾਲ ਭਰੀਆਂ ਜਾਣ ਵਾਲੀਆਂ ਆਸਾਮੀਆਂ ਦੇ ਹਰੇਕ ਗਰੁੱਪ ਵਿਚ ਕੁਲ ਖਾਲੀ ਆਸਾਮੀਆਂ ਦੀ ਗਿਣਤੀ ਦਾ ਘੱਟੋ-ਘੱਟ 4 ਫ਼ੀਸਦ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਨੂੰ ਨਿਯੁਕਤ ਕਰੇਗੀ ਜਿਸ ਵਿਚੋਂ ਇਕ ਫ਼ੀਸਦ ਖੰਡ (ੳ) (ਅ) ਅਤੇ (ੲ) ਤਹਿਤ ਨਿਰਧਾਰਿਤ ਦਿਵਿਆਂਗਤਾ ਵਾਲੇ ਵਿਅਕਤੀਆਂ ਲਈ ਅਤੇ ਇਕ ਫੀਸਦ ਖੰਡ (ਸ) ਅਤੇ (ਹ) ਤਹਿਤ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਲਈ ਰਾਖਵਾਂ ਹੋਵੇਗਾ; ਅਰਥਾਤ

(ੳ) ਨੇਤਰਹੀਣਤਾ ਅਤੇ ਘੱਟ ਨਿਗਾਹ;

(ਅ) ਬੋਲੇ ਅਤੇ ਸੁਣਨ ਵਿਚ ਔਖਿਆਈ ਵਾਲੇ;

(ੲ) ਦਿਮਾਗੀ ਬੀਮਾਰੀ, ਠੀਕ ਹੋ ਚੁੱਕੇ ਕੋੜ੍ਹ ਵਾਲੇ, ਐਸਿਡ ਹਮਲੇ ਤੋਂ ਪੀੜਿਤ ਆਦਿ ਸਮੇਤ ਤੁਰਨ ਫਿਰਨ ਤੋਂ ਅਸਮਰਥ ਦਿਵਿਆਂਗ;

(ਸ) ਆਟਿਜ਼ਮ, ਬੌਧਿਕ ਦਿਵਿਆਂਗਤਾ ਜਾਂ ਅਯੋਗਤਾ, ਸਿਖਣ ਦਿਵਿਆਂਗਤਾ ਅਤੇ ਦਿਮਾਗੀ ਬਿਮਾਰੀ;

(ਹ) ਹਰੇਕ ਦਿਵਿਆਂਗਤਾ ਲਈ ਸ਼ਨਾਖਤ ਕੀਤੀਆਂ ਆਸਾਮੀਆਂ ਵਿਚ ਬੋਲੇ ਅਤੇ ਨੇਤਰਹੀਣ ਸਮੇਤ ਖੰਡ (ੳ) ਤੋਂ (ਸ) ਤਹਿਤ ਵਿਅਕਤੀਆਂ ਵਿਚੋਂ ਵੱਖ-ਵੱਖ ਦਿਵਿਆਂਗਤਾ ਵਾਲਿਆਂ ਲਈ :

ਬਸ਼ਰਤੇ ਕਿ ਤਰੱਕੀ ਵਿਚ ਰਾਖਵਾਂਕਰਨ ਸਬੰਧਤ ਸਰਕਾਰ ਵਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਅਜਿਹੀਆਂ ਹਦਾਇਤਾਂ ਦੇ ਅਨੁਸਾਰ ਹੋਵੇਗਾ:

ਅੱਗੋਂ ਬਸ਼ਰਤੇ ਕਿ ਸਬੰਧਤ ਸਰਕਾਰ ਮੁੱਖ ਕਮਿਸ਼ਨਰ ਜਾਂ ਰਾਜ ਕਮਿਸ਼ਨਰ ਜਿਵੇਂ ਵੀ ਕੇਸ ਹੋਵੇ, ਦੀ ਸਲਾਹ ਨਾਲ ਕਿਸੇ ਸਰਕਾਰੀ ਅਦਾਰੇ ਜਾਂ ਸੰਸਥਾ ਵਿਚ ਕੀਤੇ ਜਾ ਰਹੇ ਕੰਮ ਦੀ ਕਿਸਮ ਸਬੰਧੀ ਅਧਿਸੂਚਨਾ ਰਾਹੀਂ ਅਤੇ ਅਜਿਹੀਆਂ ਸ਼ਰਤਾਂ ਜਿਹੜੀ ਕਿ ਅਜਿਹੀ ਅਧਿਸੂਚਨਾ ਵਿਚ ਦਸੀਆਂ ਗਈਆਂ ਹੋਣ, ਤਹਿਤ ਇਸ ਧਾਰਾ ਦੇ ਉਪਬੰਧਾਂ ਤੋਂ ਕਿਸੇ ਸਰਕਾਰੀ ਅਦਾਰੇ ਜਾਂ ਸੰਸਥਾ ਨੂੰ ਛੋਟ ਦੇ ਸਕਦੀ ਹੈ।

(2) ਜਿਥੇ ਕਿਸੇ ਭਰਤੀ ਸਾਲ ਵਿਚ ਨਿਰਧਾਰਤ ਦਿਵਿਆਂਗਤਾ ਵਾਲੇ ਉਚਿਤ ਵਿਅਕਤੀਆਂ ਦੀ ਅਣ-ਉਪਲੱਬਧਾ ਜਾਂ ਕੋਈ ਹੋਰ ਉਚਿਤ ਕਾਰਨਾਂ ਕਰਕੇ ਅਜਿਹੀ ਖਾਲੀ ਆਸਾਮੀ ਨਹੀਂ ਭਰੀ ਜਾ ਸਕੀ ਤਾਂ ਅਜਿਹੀ ਖਾਲੀ ਆਸਾਮੀ ਨੂੰ ਅਗਲੇ ਭਰਤੀ ਸਾਲ ਵਿਚ ਲਿਜਾਇਆ ਜਾ ਸਕਦਾ ਹੈ ਅਤੇ ਜੇਕਰ ਅਗਲੇ ਸਾਲ ਵੀ ਨਿਰਧਾਰਤ ਦਿਵਿਆਂਗਤਾ ਵਾਲਾ ਕੋਈ ਉਚਿਤ ਵਿਅਕਤੀ ਨਹੀਂ ਉਪਲੱਬਧ ਹੁੰਦਾ ਤਾਂ ਇਸ ਨੂੰ ਪਹਿਲਾਂ ਪੰਜ ਸ਼੍ਰੇਣੀਆਂ ਵਿਚਕਾਰ ਅਦਲਾ-ਬਦਲੀ ਰਾਹੀਂ ਭਰਿਆ ਜਾ ਸਕਦਾ ਹੈ ਅਤੇ ਜੇਕਰ ਉਸ ਸਾਲ ਆਸਾਮੀਆਂ ਲਈ ਕੋਈ ਦਿਵਿਆਂਗ ਵਿਅਕਤੀ ਉਪਲੱਬਧ ਨਹੀਂ ਹੈ ਕੇਵਲ ਤਾਂ ਹੀ ਦਿਵਿਆਂਗਤਾ ਤੋਂ ਬਿਨ੍ਹਾਂ ਕਿਸੇ ਹੋਰ ਵਿਅਕਤੀ ਨੂੰ ਉਸ ਆਸਾਮੀ ਤੇ ਨਿਯੁਕਤ ਕੀਤਾ ਜਾ ਸਕਦਾ ਹੈ :

ਬਸ਼ਰਤੇ ਕਿ ਅਦਾਰੇ ਵਿਚ ਖਾਲੀ ਆਸਾਮੀਆਂ ਦੀ ਕਿਸਮ ਇਸ ਤਰ੍ਹਾਂ ਦੀ ਹੈ ਕਿ ਦਿੱਤੀ ਗਈ ਸ਼੍ਰੇਣੀ ਦੇ ਵਿਅਕਤੀ ਨੂੰ ਰੁਜ਼ਗਾਰ ਤੇ ਨਹੀਂ ਰਖਿਆ ਜਾ ਸਕਦਾ ਤਾਂ ਸਬੰਧਤ ਸਰਕਾਰ ਦੀ ਅਗੇਤ

ਪ੍ਰਵਾਨਗੀ ਨਾਲ ਪੰਜ ਸ਼੍ਰੇਣੀਆਂ ਵਿਚਕਾਰ ਖਾਲੀ ਆਸਾਮੀਆਂ ਦੀ ਅਦਲਾ-ਬਦਲੀ ਕੀਤੀ ਜਾ ਸਕਦੀ ਹੈ।

(3) ਸਬੰਧਤ ਸਰਕਾਰ, ਅਧਿਸੂਚਨਾ ਰਾਹੀਂ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਨੂੰ ਰੁਜ਼ਗਾਰ ਦੇਣ ਦੀ ਉਪਰਲੀ ਉਮਰ ਸੀਮਾ ਵਿਚ ਅਜਿਹੀ ਛੋਟ ਦੇ ਸਕਦੀ ਹੈ ਜਿਹੜੀ ਕਿ ਉਹ ਉਚਿਤ ਸਮਝਦੀ ਹੋਵੇ।

ਨਿੱਜੀ ਸੈਕਟਰ ਵਿਚ ਰੋਜ਼ਗਾਰ ਦੇਣ ਵਾਲਿਆਂ ਨੂੰ ਪ੍ਰੋਤਸਾਹਨ

35. ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਆਪਣੀ ਆਰਥਿਕ ਸਮਰੱਥਾ ਅਤੇ ਵਿਕਾਸ ਦੀ ਸੀਮਾ ਅੰਦਰ ਨਿੱਜੀ ਸੈਕਟਰ ਵਿਚ ਰੋਜ਼ਗਾਰ ਦੇਣ ਵਾਲਿਆਂ ਨੂੰ ਇਹ ਯਕੀਨੀ ਬਣਾਉਣ ਲਈ ਪ੍ਰੋਤਸਾਹਨ ਜਾਂ ਪ੍ਰੇਰਨਾ ਦੇਣਗੀਆਂ ਕਿ ਉਨ੍ਹਾਂ ਦੇ ਅਮਲੇ ਵਿਚ ਘੱਟੋਂ-ਘੱਟ ਪੰਜ ਫੀਸਦ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀ ਹਨ।

ਵਿਸ਼ੇਸ਼ ਰੋਜ਼ਗਾਰ ਕੇਂਦਰ

36. ਸਬੰਧਤ ਸਰਕਾਰ ਅਧਿਸੂਚਨਾ ਰਾਹੀਂ ਇਹ ਮੰਗ ਕਰ ਸਕਦੀ ਹੈ ਕਿ ਅਜਿਹੀ ਮਿਤੀ ਤੋਂ ਰੋਜ਼ਗਾਰ ਦੇਣ ਵਾਲਾ ਹਰੇਕ ਅਦਾਰਾ ਅਜਿਹੀ ਸੂਚਨਾ ਦੇਵੇਗਾ ਜਿਹੜਾ ਕਿ ਕੇਂਦਰ ਸਰਕਾਰ ਵਲੋਂ ਉਸ ਅਦਾਰੇ ਵਿਚ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਦੀ ਖਾਲੀ ਆਸਾਮੀਆਂ ਤੇ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਨਿਯੁਕਤੀ ਸਬੰਧੀ ਹੈ ਅਤੇ ਜੋ ਕਿ ਉਸ ਵਿਸ਼ੇਸ਼ ਰੋਜ਼ਗਾਰ ਕੇਂਦਰ ਨੂੰ ਦਿੱਤੀ ਜਾਵੇਗੀ ਜਿਸ ਬਾਰੇ ਕਿ ਕੇਂਦਰ ਸਰਕਾਰ ਵਲੋਂ ਅਧਿਸੂਚਿਤ ਕੀਤਾ ਗਿਆ ਹੋਵੇ ਅਤੇ ਹਰੇਕ ਅਦਾਰਾ ਇਸ ਮੰਗ ਦੀ ਪਾਲਣਾ ਕਰੇਗਾ।

ਵਿਸ਼ੇਸ਼ ਸਕੀਮਾਂ ਅਤੇ ਵਿਕਾਸ ਪ੍ਰੋਗਰਾਮ

37. ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਅਧਿਸੂਚਨਾ ਰਾਹੀਂ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀਆਂ ਦੇ ਪੱਖ ਵਿਚ ਸਕੀਮਾਂ ਬਨਾਉਣਗੇ ਤਾਂ ਜੋ ਨਿਮਨ ਲਿਖਤ ਮੁਹੱਈਆ ਕੀਤਾ ਜਾ ਸਕੇ :-

(ੳ) ਨਿਰਧਾਰਤ ਦਿਵਿਆਂਗਤਾ ਵਾਲੀਆਂ ਔਰਤਾਂ ਨੂੰ ਉਚਿਤ ਤਰਜੀਹ ਦਿੰਦੇ ਹੋਏ ਸਾਰੀਆਂ ਸਬੰਧਤ ਸਕੀਮਾਂ ਅਤੇ ਵਿਕਾਸ ਪ੍ਰੋਗਰਾਮਾਂ ਵਿਚ ਖੇਤੀਬਾੜੀ ਜ਼ਮੀਨ ਅਤੇ ਮਕਾਨ ਉਸਾਰੀ ਦੀ ਵੰਡ ਵਿਚ ਪੰਜ ਫੀਸਦ ਰਾਖਵਾਂਕਰਨ;

(ਅ) ਨਿਰਧਾਰਤ ਦਿਵਿਆਂਗਤਾ ਵਾਲੀਆਂ ਔਰਤਾਂ ਨੂੰ ਤਰਜ਼ੀਹ ਦਿੰਦੇ ਹੋਏ ਸਾਰੀਆਂ ਗਰੀਬੀ ਨਿਵਾਰਣ ਅਤੇ ਵੱਖ-ਵੱਖ ਵਿਕਾਸ ਸਕੀਮਾਂ ਵਿਚ ਪੰਜ ਫੀਸਦ ਰਾਖਵਾਂਕਰਨ;

(ੲ) ਰਿਆਇਤੀ ਦਰਾਂ ਤੇ ਜ਼ਮੀਨ ਦੀ ਵੰਡ ਵਿਚ ਪੰਜ ਫੀਸਦ ਰਾਖਵਾਂਕਰਨ ਜਿਥੇ ਅਜਿਹੀ ਜ਼ਮੀਨ ਦੀ ਵਰਤੋਂ ਮਕਾਨ ਉਸਾਰੀ, ਆਸਰਾ, ਕਿੱਤੇ ਦੀ ਸਥਾਪਤੀ, ਕਾਰੋਬਾਰ, ਉੱਦਮ, ਮਨੋਰੰਜਨ ਕੇਂਦਰ ਅਤੇ ਉਤਪਾਦਨ ਕੇਂਦਰਾਂ ਦੇ ਮੰਤਵਾਂ ਲਈ ਕੀਤੀ ਜਾਣੀ ਹੋਵੇ।

## ਅਧਿਆਇ – VII

## ਵਧੇਰੇ ਸਹਾਇਤ ਦੀ ਲੋੜ ਵਾਲੇ ਦਿਵਿਆਂਗ ਵਿਅਕਤੀਆਂ ਲਈ ਵਿਸ਼ੇਸ਼ ਉਪਬੰਧ

ਵਧੇਰੇ ਸਹਾਇਤਾ ਦੀ ਲੋੜ ਵਾਲੇ ਵਿਅਕਤੀਆਂ ਲਈ ਵਿਸ਼ੇਸ਼ ਉਪਬੰਧ

38 (1) ਕੋਈ ਵੀ ਨਿਰਧਾਰਤ ਦਿਵਿਆਂਗਤਾ ਵਾਲਾ ਵਿਅਕਤੀ ਜੋ ਇਹ ਸਮਝਦਾ ਹੈ ਕਿ ਉਸ ਨੂੰ ਵਧੇਰੇ ਸਹਾਇਤਾ ਦੀ ਲੋੜ ਹੈ ਜਾਂ ਕੋਈ ਵੀ ਵਿਅਕਤੀ ਜਾਂ ਸੰਗਠਨ ਸਬੰਧਤ ਸਰਕਾਰ ਵਲੋਂ ਅਧਿਸੂਚਿਤ ਕੀਤੀ ਅਥਾਰਟੀ ਨੂੰ ਵਧੇਰੇ ਸਹਾਇਤਾ ਲਈ ਬਿਨੈ ਪੱਤਰ ਦੇ ਸਕਦਾ ਹੈ।

(2) ਉਪ-ਧਾਰਾ (1) ਤਹਿਤ ਬਿਨੈਪੱਤਰ ਪ੍ਰਾਪਤ ਹੋਣ ਤੇ ਅਥਾਰਟੀ ਇਸ ਨੂੰ ਮੁਲਾਂਕਣ ਬੋਰਡ ਕੋਲ ਭੇਜੇਗਾ ਜਿਸ ਵਿਚ ਅਜਿਹੇ ਮੈਂਬਰ ਸ਼ਾਮਲ ਹੋਣਗੇ ਜਿਹੜੇ ਕਿ ਉਚਿਤ ਸਰਕਾਰ ਵਲੋਂ ਨਿਰਧਾਰਤ ਹੋਣਗੇ।

(3) ਮੁਲਾਂਕਣ ਬੋਰਡ ਉਪ ਧਾਰਾ (1) ਤਹਿਤ ਇਸ ਨੂੰ ਭੇਜੇ ਗਏ ਕੇਸਾਂ ਦਾ ਮੁਲਾਂਕਣ ਉਚਿਤ ਸਰਕਾਰ ਵਲੋਂ ਨਿਰਧਾਰਤ ਕੀਤੇ ਢੰਗ ਨਾਲ ਕਰੇਗਾ ਅਤੇ ਇਸ ਦੀ ਰਿਪੋਰਟ ਵਧੇਰੇ ਸਹਾਇਤਾ ਦੀ ਲੋੜ ਨੂੰ ਪ੍ਰਮਾਣਤ ਕਰਨ ਵਾਲੀ ਅਥਾਰਟੀ ਨੂੰ ਭੇਜੇਗਾ।

(4) ਉਪ-ਧਾਰਾ (3) ਤਹਿਤ ਰਿਪੋਰਟ ਪ੍ਰਾਪਤ ਹੋਣ ਤੇ ਅਥਾਰਟੀ ਰਿਪੋਰਟ ਅਨੁਸਾਰ ਅਤੇ ਇਸ

ਸਬੰਧੀ ਸਬੰਧਤ ਸਰਕਾਰ ਦੀਆਂ ਸਕੀਮਾਂ ਅਤੇ ਆਦੇਸ਼ਾਂ ਤਹਿਤ ਸਹਾਇਤਾ ਮੁਹੱਈਆ ਕਰਨ ਲਈ ਕਦਮ ਚੁੱਕੇਗੀ।

## ਅਧਿਆਇ – VIII
## ਸਬੰਧਤ ਸਰਕਾਰਾਂ ਦੇ ਕਰਤੱਵ ਅਤੇ ਜ਼ਿੰਮੇਵਾਰੀਆਂ

ਜਾਗਰੂਕਤਾ ਪ੍ਰੋਗਰਾਮ

39. (1) ਸਬੰਧਤ ਸਰਕਾਰ ਮੁੱਖ ਕਮਿਸ਼ਨਰ ਜਾਂ ਰਾਜ ਕਮਿਸ਼ਨਰ, ਜਿਵੇਂ ਵੀ ਕੇਸ ਹੋਵੇ, ਦੀ ਸਲਾਹ ਨਾਲ ਜਾਗਰੂਕਤਾ ਮੁਹਿੰਮ ਅਤੇ ਜਾਗਰੂਕਤਾ ਪ੍ਰੋਗਰਾਮਾਂ ਦਾ ਸੰਚਾਲਨ, ਉਨ੍ਹਾਂ ਨੂੰ ਉਤਸ਼ਾਹਤ, ਸਮਰੱਥਨ ਅਤੇ ਪ੍ਰੋਤਸ਼ਾਹਨ ਦੇਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਐਕਟ ਤਹਿਤ ਦਿਵਿਆਂਗ ਵਿਅਕਤੀਆਂ ਨੂੰ ਦਿੱਤੇ ਗਏ ਅਧਿਕਾਰ ਸੁਰੱਖਿਅਤ ਹਨ।

(2) ਉਪ-ਧਾਰਾ (1) ਤਹਿਤ ਨਿਰਧਾਰਤ ਪ੍ਰੋਗਰਾਮ ਅਤੇ ਮੁਹਿੰਮ-

(ੳ) ਸ਼ਮੂਲੀਅਤ, ਸਬਰ, ਦਯਾ ਅਤੇ ਭਿੰਨਤਾ ਲਈ ਸਨਮਾਨ ਜਿਹੀਆਂ ਕਦਰਾਂ ਕੀਮਤਾਂ ਨੂੰ ਪ੍ਰੋਤਸਾਹਤ ਕਰਨਗੇ;

(ਅ) ਦਿਵਿਆਂਗ ਵਿਅਕਤੀਆਂ ਦੇ ਹੁਨਰ, ਗੁਣਾਂ ਅਤੇ ਸੰਸਥਾਵਾਂ ਅਤੇ ਕਾਮਿਆਂ, ਲੇਬਰ ਮਾਰਕੀਟ ਵਿਚ ਉਨ੍ਹਾਂ ਦੇ ਯੋਗਦਾਨਾਂ ਨੂੰ ਮਾਨਤਾ ਦੇਣਗੇ;

(ੲ) ਪਰਿਵਾਰਕ ਜੀਵਨ, ਰਿਸ਼ਤਿਆਂ, ਬੱਚਿਆਂ ਨੂੰ ਜਨਮ ਦੇਣ ਅਤੇ ਪਾਲਣ-ਪੋਸ਼ਣ ਸਬੰਧੀ ਦਿਵਿਆਂਗ ਵਿਅਕਤੀਆਂ ਵਲੋਂ ਕੀਤੇ ਸਾਰੇ ਫ਼ੈਸਲਿਆਂ ਲਈ ਇੱਜ਼ਤ ਪੈਦਾ ਕਰਨਗੇ;

(ਸ) ਦਿਵਿਆਂਗ ਵਿਅਕਤੀ ਦੀ ਮਨੁੱਖੀ ਹਾਲਤ ਅਤੇ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਉਤੇ ਸਕੂਲ, ਕਾਲਜ, ਯੂਨੀਵਰਸਿਟੀ ਅਤੇ ਪੇਸ਼ਾਵਰ ਸਿਖਲਾਈ ਪੱਧਰ ਤੇ ਜਾਗਰੂਕਤਾ ਮੁਹੱਈਆ ਕਰਨਾ;

(ਹ) ਰੁਜ਼ਗਾਰ ਦੇਣ ਵਾਲਿਆਂ, ਪ੍ਰਬੰਧਕਾਂ ਅਤੇ ਸਹਿਕਰਮੀਆਂ ਨੂੰ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਅਤੇ ਹਾਲਾਤਾਂ ਪ੍ਰਤੀ ਜਾਗਰੁਕ ਕਰਨਾ;

(ਕ) ਯਕੀਨੀ ਬਨਾਉਣਾ ਕਿ ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਦੇ ਪਾਠਕ੍ਰਮ ਵਿਚ ਸ਼ਾਮਲ ਕੀਤੇ ਜਾਂਦੇ ਹਨ।

ਪਹੁੰਚਯੋਗਤਾ

40. ਕੇਂਦਰ ਸਰਕਾਰ ਰਾਜ ਕਮਿਸ਼ਨਰ ਦੀ ਸਲਾਹ ਨਾਲ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿਚ ਜਨਤਾ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਸੁਵਿਧਾਵਾਂ ਅਤੇ ਹੋਰ ਸਹੂਲਤਾਂ ਅਤੇ ਉਚਿਤ ਤਕਨਾਲੋਜੀਆਂ ਅਤੇ ਪੱਧਤੀਆਂ ਸਮੇਤ ਭੌਤਿਕ ਵਾਤਾਵਰਣ, ਆਵਾਜਾਈ, ਸੂਚਨਾ ਅਤੇ ਸੰਚਾਰ ਲਈ ਪਹੁੰਚਯੋਗਤਾ ਦੇ ਮਾਪਦੰਡਾਂ ਨੂੰ ਤੈਅ ਕਰਦੇ ਹੋਏ ਦਿਵਿਆਂਗ ਵਿਅਕਤੀਆਂ ਲਈ ਨਿਯਮ ਬਣਾਏਗੀ।

ਆਵਾਜਾਈ ਤੱਕ ਪਹੁੰਚ

41. (1) ਸਬੰਧਤ ਸਰਕਾਰ ਹੇਠ ਲਿਖਿਆ ਨੂੰ ਮੁਹੱਈਆ ਕਰਨ ਲਈ ਉਚਿਤ ਕਦਮ ਚੁੱਕੇਗੀ :-

(ੳ) ਪਾਰਕਿੰਗ ਸਥਾਨਾਂ, ਪਖਾਨਿਆਂ, ਟਿਕਟ ਕਾਊਂਟਰਾਂ ਅਤੇ ਟਿਕਟ ਮਸ਼ੀਨਾਂ ਨਾਲ ਬੱਸ ਸਟਾਪ, ਰੇਲਵੇ ਸਟੇਸ਼ਨ ਅਤੇ ਹਵਾਈ ਅੱਡਿਆਂ ਵਿਖੇ ਦਿਵਿਆਂਗ ਵਿਅਕਤੀਆਂ ਲਈ ਸੁਵਿਧਾਵਾਂ;

(ਅ) ਆਵਾਜਾਈ ਦੇ ਪੁਰਾਣੇ ਸਾਧਨਾਂ ਦੀ ਨਵੀਂ ਵਿਉਂਤਬੰਦੀ ਜਾਂ ਡਿਜਾਈਨਿੰਗ ਸਮੇਤ ਜਿਥੇ ਵੀ ਦਿਵਿਆਂਗ ਵਿਅਕਤੀਆਂ ਲਈ ਤਕਨੀਕ ਪੱਖੋਂ ਸੌਖਾ ਅਤੇ ਸੁਰੱਖਿਅਤ ਹੋਵੇ, ਆਰਥਿਕ ਪੱਖੋਂ ਕਿਫਾਇਤੀ ਅਤੇ ਡਿਜਾਈਨ ਵਿੱਚ ਵੱਡੀਆਂ ਤਬਦੀਲੀਆਂ ਨਾ ਕਰਦੇ ਹੋਏ ਡਿਜ਼ਾਈਨ ਮਾਪਦੰਡਾਂ ਦੀ ਅਨੁਸਾਰਤਾ ਕਰਨ ਵਾਲੇ ਆਵਾਜਾਈ ਦੇ ਸਾਰੇ ਸਾਧਨਾਂ ਤੱਕ ਪਹੁੰਚ ਮੁਹੱਈਆ ਕਰਵਾਉਣਾ;

(ੲ) ਦਿਵਿਆਂਗ ਵਿਅਕਤੀਆਂ ਦੀ ਲੋੜੀਂਦੀ ਗਤੀਸ਼ੀਲਤਾ (ਆਉਣ-ਜਾਣ) ਨੂੰ ਪੂਰਾ ਕਰਨ ਲਈ ਪਹੁੰਚਯੋਗ ਸੜਕਾਂ।

(2) ਸਬੰਧਤ ਸਰਕਾਰ ਕਿਫ਼ਾਇਤੀ ਕੀਮਤ ਤੇ ਦਿਵਿਆਂਗ ਵਿਅਕਤੀਆਂ ਦੀ ਨਿੱਜੀ ਆਉਣ-ਜਾਣ ਨੂੰ ਉਤਸ਼ਾਹਤ ਕਰਨ ਲਈ ਸਕੀਮ ਪ੍ਰੋਗਰਾਮ ਵਿਕਸਤ ਕਰੇਗੀ ਤਾਂ ਜੋ ਨਿਮਨ ਅਨੁਸਾਰ ਮੁਹੱਈਆ ਕੀਤਾ ਜਾ ਸਕੇ:-

| | | |
|---|---|---|
| | (ੳ) ਪ੍ਰੋਤਸਾਹਨ ਜਾਂ ਪ੍ਰੇਰਕ ਅਤੇ ਰਿਆਇਤਾਂ;<br>(ਅ) ਵਾਹਨਾਂ ਦੀ ਰੈਟਰੋਫਿਟਿੰਗ; ਅਤੇ<br>(ੲ) ਨਿੱਜੀ ਗਤੀਸ਼ੀਲਤਾ ਲਈ ਸਹਾਇਤਾ। | |
| | 42. ਸਬੰਧਤ ਸਰਕਾਰ ਹੇਠ ਲਿਖੇ ਨੂੰ ਯਕੀਨੀ ਬਣਾਉਣ ਲਈ ਉਪਾਅ ਕਰੇਗੀ:-<br>(i) ਆਡੀਓ, ਛਪਾਈ ਅਤੇ ਇਲੈਕਟ੍ਰਾਨਿਕ ਮੀਡੀਆ ਵਿੱਚ ਉਪਲੱਬਧ ਸਾਰੀ ਸਮਗਰੀ ਪਹੁੰਚਯੋਗ ਫਾਰਮੈਟ ਵਿੱਚ ਹੈ;<br>(ii) ਆਡੀਓ ਵਿਵਰਣ, ਸੰਕੇਤ ਭਾਸ਼ਾ ਨਾਲ ਤਰਜਮਾ ਅਤੇ ਸਿਰਲੇਖ ਰਾਹੀਂ ਇਲੈਕਟ੍ਰਿਨਿਕ ਮੀਡੀਆ ਤੱਕ ਦਿਵਿਆਂਗ ਵਿਅਕਤੀਆਂ ਦੀ ਪਹੁੰਚ;<br>(iii) ਰੋਜ਼ਾਨਾ ਵਰਤੋਂ ਦੀਆਂ ਇਲੈਕਟ੍ਰਾਨਿਕ ਵਸਤੂਆਂ ਅਤੇ ਉਪਕਰਣ ਯੂਨੀਵਰਸਲ ਡਿਜਾਈਨ ਵਿੱਚ ਉਪਲਬੱਧ ਹਨ। | ਸੂਚਨਾ ਅਤੇ ਸੰਚਾਰ ਤਕਨਾਲੋਜੀ ਤੱਕ ਪਹੁੰਚ |
| | 43. ਸਬੰਧਤ ਸਰਕਾਰ ਦਿਵਿਆਂਗ ਵਿਅਕਤੀਆਂ ਲਈ ਆਮ ਵਰਤੋਂ ਲਈ ਸਰਬਵਿਆਪੀ ਡਿਜਾਈਨ ਕੀਤੇ ਖਪਤਕਾਰ ਉਤਪਾਦ ਅਤੇ ਵਸਤੂਆਂ ਦੇ ਵਿਕਾਸ, ਉਤਪਾਦਨ ਅਤੇ ਵੰਡ ਨੂੰ ਉਤਸ਼ਾਹਿਤ ਕਰਨ ਲਈ ਉਪਾਅ ਕਰੇਗੀ | ਉਪਭੋਗਤਾ ਵਸਤੂਆਂ |
| | 44. (1) ਧਾਰਾ 40 ਤਹਿਤ ਕੇਂਦਰ ਸਰਕਾਰ ਵਲੋਂ ਬਣਾਏ ਗਏ ਨਿਯਮਾਂ ਦੀ ਪਾਲਣਾ ਜੇਕਰ ਕੋਈ ਉਸਾਰੀ ਯੋਜਨਾ ਨਹੀਂ ਕਰਦੀ ਤਾਂ ਕਿਸੇ ਵੀ ਢਾਂਚੇ ਦੀ ਉਸਾਰੀ ਲਈ ਕਿਸੇ ਵੀ ਅਦਾਰੇ ਜਾਂ ਸੰਸਥਾ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।<br>(2) ਕਿਸੇ ਵੀ ਅਦਾਰੇ ਜਾਂ ਸੰਸਥਾ ਨੂੰ ਉਦੋਂ ਤੱਕ ਮੁਕੰਮਲਤਾ ਸਰਟੀਫਿਕੇਟ ਜਾਂ ਇਮਾਰਤ ਦਾ ਕਬਜਾ ਲੈਣ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ ਜਦੋਂ ਤੱਕ ਕਿ ਉਹ ਕੇਂਦਰ ਸਰਕਾਰ ਵਲੋਂ ਬਣਾਏ ਨਿਯਮਾਂ ਦੀ ਪਾਲਣਾ ਨਹੀਂ ਕਰਦੀ। | ਪਹੁੰਚਯੋਗਤਾ ਨਿਯਮਾਂ ਦੀ ਲਾਜ਼ਮੀ ਪਾਲਣਾ |
| | 45. (1) ਸਾਰੀਆਂ ਮੌਜੂਦਾ ਜਨਤਕ ਇਮਾਰਤਾਂ ਨੂੰ ਕੇਂਦਰ ਸਰਕਾਰ ਵਲੋਂ ਬਣਾਏ ਨਿਯਮਾਂ ਦੇ ਅਨੁਸਾਰ ਅਜਿਹੇ ਨਿਯਮਾਂ ਦੀ ਅਧਿਸੂਚਨਾ ਦੀ ਮਿਤੀ ਤੋਂ ਪੰਜ ਸਾਲ ਦੇ ਸਮੇਂ ਅੰਦਰ ਪਹੁੰਚਯੋਗ ਬਣਾਇਆ ਜਾਵੇਗਾ:<br>ਬਸ਼ਰਤੇ ਕਿ ਕੇਂਦਰ ਸਰਕਾਰ ਰਾਜਾਂ ਨੂੰ ਉਨ੍ਹਾਂ ਦੀ ਤਿਆਰੀ ਅਤੇ ਹੋਰ ਸਬੰਧਤ ਮਾਪਦੰਡਾਂ ਉਤੇ ਨਿਰਭਰ ਕਰਦੇ ਹੋਏ ਇਸ ਉਪਬੰਧ ਦੀ ਪਾਲਣਾ ਲਈ ਮਾਮਲਿਆਂ ਅਨੁਸਾਰ ਰਾਜਾਂ ਨੂੰ ਸਮਾਂ-ਸੀਮਾ ਵਧਾ ਸਕਦੀ ਹੈ।<br>(2) ਸਬੰਧਤ ਸਰਕਾਰ ਅਤੇ ਸਥਾਨਕ ਅਥਾਰਟੀਆਂ ਲਾਜ਼ਮੀ ਸੁਵਿਧਾਵਾਂ ਜਿਵੇਂ ਪ੍ਰਾਇਮਰੀ ਸਿਹਤ ਕੇਂਦਰ, ਸਿਵਲ ਹਸਪਤਾਲਾਂ, ਸਕੂਲਾਂ, ਰੇਲਵੇ ਸਟੇਸ਼ਨ ਅਤੇ ਬੱਸ ਸਟਾਪ ਮੁਹੱਈਆ ਕਰਦੇ ਹੋਏ ਉਨ੍ਹਾਂ ਦੀਆਂ ਸਾਰੀਆਂ ਇਮਾਰਤਾਂ ਅਤੇ ਸਥਾਨਾਂ ਤੱਕ ਪਹੁੰਚ ਮੁਹੱਈਆ ਕਰਨ ਲਈ ਤਰਜੀਹੀਕਰਨ ਦੇ ਆਧਾਰ ਤੇ ਕਾਰਵਾਈ ਯੋਜਨਾ ਬਣਾਉਣਗੀਆਂ ਅਤੇ ਪ੍ਰਕਾਸ਼ਤ ਕਰਨਗੀਆਂ। | ਮੌਜੂਦਾ ਬੁਨਿਆਦੀ ਢਾਂਚੇ ਅਤੇ ਸਥਾਨ ਨੂੰ ਪਹੁੰਚਯੋਗ ਬਣਾਉਣ ਲਈ ਸਮਾਂ ਸੀਮਾ ਅਤੇ ਉਸ ਮੰਤਵ ਲਈ ਕਾਰਵਾਈ |
| | 46. ਸੁਵਿਧਾ ਮੁਹੱਈਆਂ ਕਰਨ ਵਾਲੇ ਭਾਵੇਂ ਉਹ ਸਰਕਾਰੀ ਜਾਂ ਨਿੱਜੀ ਹੋਣ, ਧਾਰਾ 40 ਤਹਿਤ ਕੇਂਦਰ ਸਰਕਾਰ ਵਲੋਂ ਉਲੀਕੇ ਗਏ ਪਹੁੰਚਯੋਗਤਾ ਉਤੇ ਨਿਯਮਾਂ ਅਨੁਸਾਰ ਸੁਵਿਧਾਵਾਂ ਮਹੁੱਈਆ ਕਰਵਾਉਣਗੇ:<br>ਬਸ਼ਰਤੇ ਕਿ ਕੇਂਦਰ ਸਰਕਾਰ ਮੁੱਖ ਕਮਿਸ਼ਨਰ ਦੀ ਸਲਾਹ ਨਾਲ ਉਕਤ ਨਿਯਮਾਂ ਦੇ ਅਨੁਸਾਰ ਨਿਰਧਾਰਤ ਸ਼੍ਰੇਣੀ ਦੀਆਂ ਸੁਵਿਧਾਵਾਂ ਮੁਹੱਈਆ ਕਰਨ ਲਈ ਸਮਾਂ-ਸੀਮਾ ਵਿਚ ਵਾਧਾ ਕਰ ਸਕਦੀ ਹੈ। | ਸੁਵਿਧਾ ਮੁਹੱਈਆ ਕਰਨ ਵਾਲਿਆਂ ਵਲੋਂ ਪੰਹੁਚਯੋਗਤਾ ਲਈ ਸਮਾਂ ਸੀਮਾ |
| 1992 ਦਾ 34 | 47. (1) ਭਾਰਤੀ ਪੁਨਰਵਾਸ ਕਾਊਂਸਲ ਐਕਟ 1992 ਤਹਿਤ ਗਠਿਤ ਭਾਰਤੀ ਪੁਨਰਵਾਸ ਕਾਊਂਸਲ ਦੇ ਕਾਰਜ ਅਤੇ ਅਧਿਕਾਰ ਨੂੰ ਕੋਈ ਨੁਕਸਾਨ ਪਹੁੰਚਾਏ ਬਿਨ੍ਹਾਂ ਸਬੰਧਤ ਸਰਕਾਰ ਇਸ ਐਕਟ ਦੇ ਮੰਤਵਾਂ ਲਈ ਮਨੁੱਖੀ ਸਰੋਤ ਨੂੰ ਵਿਕਸਿਤ ਕਰਨ ਦੇ ਯਤਨ ਕਰੇਗੀ ਅਤੇ ਇਸ ਦੇ ਲਈ ਇਹ | ਮਨੁੱਖੀ ਸਰੋਤ ਵਿਕਾਸ |

ਹੇਠ ਲਿਖੇ ਯਤਨ ਕਰੇਗੀ:-

(ੳ) ਪੰਚਾਇਤੀ ਰਾਜ ਮੈਂਬਰਾਂ, ਵਿਧਾਇਕਾਂ, ਪ੍ਰਬੰਧਕਾਂ, ਪੁਲਿਸ ਅਧਿਕਾਰੀਆਂ, ਜੱਜਾਂ ਅਤੇ ਵਕੀਲਾਂ ਦੀ ਸਿਖਲਾਈ ਲਈ ਸਾਰੇ ਕੋਰਸਾਂ ਵਿਚ ਦਿਵਿਆਂਗਤਾ ਅਧਿਕਾਰਾਂ ਉਤੇ ਲਾਜ਼ਮੀ ਸਿਖਲਾਈ;

(ਅ) ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਅਧਿਆਪਕਾਂ, ਡਾਕਟਰਾਂ, ਨਰਸਾਂ, ਪੈਰਾ-ਮੈਡੀਕਲ ਅਮਲੇ, ਸਮਾਜਕ ਭਲਾਈ ਅਫਸਰਾਂ, ਪੇਂਡੂ ਵਿਕਾਸ ਅਫਸਰਾਂ, ਆਸ਼ਾ ਵਰਕਰਾਂ, ਆਂਗਨਵਾੜੀ ਵਰਕਰਾਂ, ਇੰਜੀਨੀਅਰਾਂ, ਨਕਸ਼ਾਂ-ਨਵੀਸਾਂ ਅਤੇ ਹੋਰ ਪੇਸ਼ਾਵਾਰਾਨਾ ਅਤੇ ਕਮਿਊਨਿਟੀ ਵਰਕਰਾਂ ਲਈ ਸਾਰੇ ਸਿੱਖਿਅਕ ਕੋਰਸਾਂ ਲਈ ਦਿਵਿਆਂਗਕਤਾ ਨੂੰ ਇਕ ਹਿੱਸੇ (ਕੰਪੋਨੈਂਟ) ਵਜੋਂ ਸ਼ਾਮਲ ਕਰਨਾ;

(ੲ) ਪਰਿਵਾਰਾਂ, ਕਮਿਊਨਿਟੀ ਦੇ ਮੈਂਬਰਾਂ ਅਤੇ ਹੋਰ ਭਾਗੀਦਾਰਾਂ ਲਈ ਸੁਤੰਤਰ ਜੀਵਨ ਅਤੇ ਕਮਿਊਨਿਟੀ ਸਬੰਧਾਂ ਵਿਚ ਸਿਖਲਾਈ ਅਤੇ ਦੇਖਭਾਲ ਮੁਹੱਈਆ ਕਰਨ ਵਾਲਿਆਂ ਲਈ ਦੇਖਭਾਲ ਕਰਨ ਅਤੇ ਸਹਾਇਤਾ ਦੇਣ ਉਤੇ ਸਿਖਲਾਈ ਸਮੇਤ ਸਮਰੱਥਾ ਉਸਾਰੀ ਪ੍ਰੋਗਰਾਮ ਆਰੰਭ ਕਰਨਾ;

(ਸ) ਆਪਸੀ ਯੋਗਦਾਨ ਅਤੇ ਸਨਮਾਨ ਨਾਲ ਕਮਿਊਨਿਟੀ ਸਬੰਧਾਂ ਨੂੰ ਬਣਾਉਣ ਲਈ ਦਿਵਿਆਂਗ ਵਿਅਕਤੀਆਂ ਲਈ ਸੁਤੰਤਰ ਸਿਖਲਾਈ ਯਕੀਨੀ ਬਣਾਉਣਾ;

(ਹ) ਖੇਡਾਂ ਅਤੇ ਹੋਰ ਬਾਹਰੀ ਗਤੀਵਿਧੀਆਂ ਉਤੇ ਧਿਆਨ ਕੇਂਦਰ ਕਰਕੇ ਖੇਡ ਅਧਿਆਪਕਾਂ ਲਈ ਸਿਖਲਾਈ ਪ੍ਰੋਗਰਾਮ ਦਾ ਸੰਚਾਲਨ;

(ਕ) ਹੋਰ ਸਮਰੱਥਾ ਵਿਕਾਸ ਉਪਾਅ, ਜਿਨਾਂ ਦੀ ਲੋੜ ਹੋਵੇ।

(2) ਸਾਰੀਆਂ ਯੂਨੀਵਰਸਿਟੀਆਂ ਦਿਵਿਆਂਗਤਾ ਸਬੰਧੀ ਪੜ੍ਹਾਈ ਲਈ ਅਧਿਐਨ ਜਾਂ ਪੜ੍ਹਾਈ ਕੇਂਦਰਾਂ ਦੀ ਸਥਾਪਨਾ ਸਮੇਤ ਦਿਵਿਆਂਗਤਾ ਸਬੰਧੀ ਪੜ੍ਹਾਈ ਵਿਚ ਅਧਿਆਪਨ ਅਤੇ ਖੋਜ ਨੂੰ ਉਤਸ਼ਾਹਤ ਕਰਨਗੀਆਂ।

(3) ਉਪ-ਧਾਰਾ (1) ਵਿਚ ਦਰਜ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਸਬੰਧਤ ਸਰਕਾਰ ਹਰੇਕ ਪੰਜ ਸਾਲ ਵਿਚ ਲੋੜ ਅਧਾਰਤ ਵਿਸ਼ਲੇਸ਼ਣ ਕਰੇਗੀ ਅਤੇ ਇਸ ਐਕਟ ਤਹਿਤ ਵੱਖ-ਵੱਖ ਜ਼ਿੰਮੇਵਾਰੀਆਂ ਲੈਣ ਲਈ ਉਚਿਤ ਅਮਲੇ ਦੀ ਭਰਤੀ,ਆਵਾਸ, ਸੰਵੇਦਣਸ਼ੀਲਤਾ, ਜਾਗਰੂਕਤਾ ਅਤੇ ਸਿਖਲਾਈ ਲਈ ਯੋਜਨਾਵਾਂ ਉਲੀਕੇਗੀ।

ਸਮਾਜਕ ਆਡਿਟ

48. ਸਬੰਧਤ ਸਰਕਾਰ ਇਹ ਯਕੀਨੀ ਬਣਾਉਣ ਲਈ ਕਿ ਸਕੀਮ ਅਤੇ ਪ੍ਰੋਗਰਾਮਾਂ ਦਾ ਦਿਵਿਆਂਗ ਵਿਅਕਤੀਆਂ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਲੋੜਾਂ ਉਤੇ ਕੋਈ ਪ੍ਰਤਿਕੂਲ ਪ੍ਰਭਾਵ ਨਹੀਂ ਪੈਂਦਾ, ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਸਾਰੀਆਂ ਆਮ ਸਕੀਮਾਂ ਅਤੇ ਪ੍ਰੋਗਰਾਮਾਂ ਦਾ ਸਮਾਜਕ ਆਡਿਟ ਕਰੇਗੀ।

## ਅਧਿਆਇ – IX

## ਦਿਵਿਆਂਗ ਵਿਅਕਤੀਆਂ ਲਈ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਅਤੇ ਅਜਿਹੀਆਂ ਸੰਸਥਾਵਾਂ ਨੂੰ ਸਹਾਇਤਾ

ਸਮਰੱਥ ਅਥਾਰਟੀ

49. ਰਾਜ ਸਰਕਾਰ ਅਜਿਹੀ ਅਥਾਰਟੀ ਨਿਯੁਕਤ ਕਰੇਗੀ ਜਿਹੜੀ ਕਿ ਉਹ ਇਸ ਅਧਿਆਇ ਦੇ ਮੰਤਵਾਂ ਲਈ ਯੋਗ ਸਮਝਦੀ ਹੈ।

ਰਜਿਸਟ੍ਰੇਸ਼ਨ

50. ਇਸ ਐਕਟ ਤਹਿਤ ਦਿੱਤੇ ਤੋਂ ਇਲਾਵਾ ਕੋਈ ਵੀ ਵਿਅਕਤੀ ਦਿਵਿਆਂਗ ਵਿਅਕਤੀਆਂ ਲਈ ਕੋਈ ਸੰਸਥਾ ਸਥਾਪਿਤ ਜਾਂ ਸਾਂਭ-ਸੰਭਾਲ ਨਹੀਂ ਕਰੇਗਾ ਸਿਵਾਇ ਉਸ ਸਥਿਤੀ ਤੋਂ ਜਦੋਂ ਸਮਰੱਥ ਅਥਾਰਟੀ ਵਲੋਂ ਇਸ ਮੰਤਵ ਲਈ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੋਵੇ: 1987 ਦਾ 14

ਬਸ਼ਰਤੇ ਕਿ ਦਿਮਾਗੀ ਪੱਖੋਂ ਬੀਮਾਰ ਵਿਅਕਤੀਆਂ ਦੀ ਦੇਖਭਾਲ ਲਈ ਸੰਸਥਾ, ਜਿਸ ਕੋਲ ਮੈਂਟਲ ਹੈਲਥ ਐਕਟ, 1987 ਦੀ ਧਾਰਾ 8 ਜਾਂ ਉਸ ਸਮੇਂ ਲਾਗੂ ਕਿਸੇ ਹੋਰ ਐਕਟ ਤਹਿਤ ਲਾਇਸੈਂਸ ਹੈ, ਨੂੰ ਇਸ ਐਕਟ ਤਹਿਤ ਰਜਿਸਟਰ ਕਰਨ ਦੀ ਲੋੜ ਨਹੀਂ ਹੋਵੇਗੀ।

51. (1) ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਲਈ ਹਰੇਕ ਬਿਨੈ ਪੱਤਰ ਸਮਰੱਥ ਅਥਾਰਟੀ ਨੂੰ ਅਜਿਹੇ ਫਾਰਮ ਅਤੇ ਢੰਗ ਨਾਲ ਜਿਹੜਾ ਕਿ ਰਾਜ ਸਰਕਾਰ ਵਲੋਂ ਨਿਰਧਾਰਤ ਕੀਤਾ ਗਿਆ ਹੈ, ਦਿੱਤਾ ਜਾਵੇਗਾ। ਬਿਨੈਪੱਤਰ ਅਤੇ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਦੇਣਾ

(2) ਉਪ-ਧਾਰਾ (1) ਤਹਿਤ ਬਿਨੈ ਪੱਤਰ ਦੀ ਪ੍ਰਾਪਤੀ ਉਤੇ ਸਮਰੱਥ ਅਥਾਰਟੀ ਅਜਿਹੀ ਪੁੱਛ-ਪੜਤਾਲ ਕਰੇਗੀ ਜਿਹੜੀ ਕਿ ਉਹ ਉਚਿਤ ਸਮਝੇ ਅਤੇ ਸੰਤੁਸ਼ਟ ਹੋਣ ਤੇ ਕਿ ਬਿਨੈਕਾਰ ਨੇ ਇਸ ਐਕਟ ਦੀਆਂ ਲੋੜਾਂ ਅਤੇ ਇਸ ਤਹਿਤ ਬਣਾਏ ਨਿਯਮਾਂ ਦੀ ਪਾਲਣਾ ਕੀਤੀ ਹੈ, ਅਜਿਹੇ ਬਿਨੈਪੱਤਰ ਦੇ ਪ੍ਰਾਪਤ ਹੋਣ ਦੇ 90 ਦਿਨਾਂ ਅੰਦਰ ਬਿਨੈਕਾਰ ਨੂੰ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਦੇਵੇਗੀ ਅਤੇ ਜੇਕਰ ਉਹ ਸੰਤੁਸ਼ਟ ਨਹੀਂ ਹੈ ਤਾਂ ਸਮਰੱਥ ਅਥਾਰਟੀ ਆਦੇਸ਼ ਰਾਹੀਂ ਸਰਟੀਫਿਕੇਟ ਨੂੰ ਦੇਣ ਤੋਂ ਇਨਕਾਰ ਕਰੇਗੀ :

ਬਸ਼ਰਤੇ ਕਿ ਸਰਟੀਫਿਕੇਟ ਦੇਣ ਤੋਂ ਇਨਕਾਰ ਕਰਨ ਦਾ ਆਦੇਸ਼ ਜਾਰੀ ਕਰਨ ਤੋਂ ਪਹਿਲਾਂ ਸਮਰੱਥ ਅਥਾਰਟੀ ਬਿਨੈਕਾਰ ਨੂੰ ਸੁਣਵਾਈ ਦਾ ਉਚਿਤ ਮੌਕਾ ਪ੍ਰਦਾਨ ਕਰੇਗੀ ਅਤੇ ਸਰਟੀਫਿਕੇਟ ਦੇਣ ਤੋਂ ਇਨਕਾਰ ਕਰਨ ਦਾ ਹਰੇਕ ਆਦੇਸ਼ ਬਿਨੈਕਾਰ ਨੂੰ ਲਿਖਤੀ ਰੂਪ ਵਿਚ ਦਿੱਤਾ ਜਾਵੇਗਾ।

(3) ਉਪ-ਧਾਰਾ (2) ਤਹਿਤ ਰਜਿਸਟ੍ਰੇਸ਼ਨ ਦਾ ਕੋਈ ਸਰਟੀਫਿਕੇਟ ਨਹੀਂ ਦਿੱਤਾ ਜਾਵੇਗਾ ਸਿਵਾਇ ਜੇਕਰ ਸੰਸਥਾ ਜਿਸ ਦੇ ਸਬੰਧ ਵਿਚ ਇਹ ਬਿਨੈਪੱਤਰ ਦਿੱਤਾ ਗਿਆ ਹੈ ਇਸ ਸਥਿਤੀ ਵਿਚ ਹੋਵੇ ਕਿ ਉਹ ਅਜਿਹੀਆਂ ਸੁਵਿਧਾਵਾਂ ਦੇਣ ਦੇ ਸਮਰੱਥ ਹੋਵੇ ਅਤੇ ਰਾਜ ਸਰਕਾਰ ਵਲੋਂ ਨਿਰਧਾਰਤ ਅਜਿਹੇ ਮਾਪਦੰਡਾਂ ਨੂੰ ਪੂਰਾ ਕਰਦੀ ਹੋਵੇ।

(4) ਉਪ-ਧਾਰਾ (2) ਤਹਿਤ ਦਿੱਤਾ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ :-

(ੳ) ਜੇਕਰ ਧਾਰਾ 52 ਤਹਿਤ ਰੱਦ ਨਹੀਂ ਕੀਤਾ ਜਾਂਦਾ ਤਾਂ ਉਹ ਰਾਜ ਸਰਕਾਰ ਵਲੋਂ ਨਿਰਧਾਰਤ ਕੀਤੇ ਸਮੇਂ ਲਈ ਲਾਗੂ ਰਹੇਗਾ;

(ਅ) ਸਮੇਂ ਸਮੇਂ ਤੇ ਨਵਿਆਇਆ ਜਾ ਸਕੇਗਾ ; ਅਤੇ

(ੲ) ਰਾਜ ਸਰਕਾਰ ਵਲੋਂ ਨਿਰਧਾਰਤ ਕੀਤੀਆਂ ਸ਼ਰਤਾਂ ਤਹਿਤ ਹੋਵੇਗਾ।

(5) ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਨੂੰ ਨਵਿਆਉਣ ਲਈ ਵੈਧਤਾ ਮਿਆਦ ਖਤਮ ਹੋਣ ਤੋਂ ਘੱਟੋ ਘੱਟ 60 ਦਿਨ ਪਹਿਲਾਂ ਬਿਨੈਪੱਤਰ ਦੇਣਾ ਹੋਵੇਗਾ।

(6) ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਦੀ ਕਾਪੀ ਸੰਸਥਾ ਵਲੋਂ ਅਜਿਹੀ ਥਾਂ ਤੇ ਲਗਾਈ ਜਾਵੇਗੀ ਜਿਥੇ ਉਹ ਸਪਸ਼ੱਟ ਨਜ਼ਰ ਆਵੇ।

(7) ਉਪ-ਧਾਰਾ (1) ਜਾਂ ਉਪ-ਧਾਰਾ (5) ਤਹਿਤ ਦਿੱਤੇ ਹਰੇਕ ਬਿਨੈਪੱਤਰ ਦਾ ਨਿਪਟਾਰਾ ਸਮਰੱਥ ਅਥਾਰਟੀ ਵਲੋਂ ਰਾਜ ਸਰਕਾਰ ਵਲੋਂ ਨਿਰਧਾਰਤ ਕੀਤੇ ਸਮੇਂ ਦੇ ਅੰਦਰ ਕੀਤਾ ਜਾਵੇਗਾ

---

52. (1) ਸਮਰੱਥ ਅਥਾਰਟੀ ਕੋਲ ਜੇਕਰ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਧਾਰਾ 51 ਦੀ ਉਪ ਧਾਰਾ (2) ਤਹਿਤ ਦਿੱਤੇ ਰਜਿਸਟ੍ਰੇਸ਼ਨ ਸਰਟੀਫਿਕੇਟ ਦੇ ਧਾਰਕ ਨੇ- ਰਜਿਸਟ੍ਰੇਸ਼ਨ ਨੂੰ ਰੱਦ ਕਰਨਾ

(ੳ) ਸਰਟੀਫਿਕੇਟ ਨੂੰ ਨਵਿਆਉਣ ਜਾਂ ਜਾਰੀ ਕਰਨ ਲਈ ਦਿੱਤੇ ਬਿਨੈਪੱਤਰ ਦੇ ਸਬੰਧ ਵਿਚ ਕੋਈ ਵੇਰਵਾ ਜਾਂ ਕਥਨ ਸਹੀ ਨਹੀਂ ਦਿੱਤਾ ਹੈ; ਜਾਂ

(ਅ) ਅਜਿਹੇ ਨਿਯਮਾਂ ਜਾਂ ਸ਼ਰਤਾਂ ਜਿਨ੍ਹਾਂ ਤਹਿਤ ਸਰਟੀਫਿਕੇਟ ਦਿੱਤਾ ਗਿਆ ਸੀ, ਦੀ ਉਲੰਘਣਾ ਕੀਤੀ ਹੈ ਤਾਂ ਉਹ ਅਜਿਹੀ ਜਾਂਚ ਜਿਹੜੀ ਕਿ ਉਹ ਉਚਿਤ ਸਮਝਦਾ ਹੋਵੇ, ਕਰਨ ਤੋਂ ਬਾਅਦ ਸਰਟੀਫਿਕੇਟ ਨੂੰ ਰੱਦ ਕਰ ਸਕਦਾ ਹੈ:

ਬਸ਼ਰਤੇ ਕਿ ਕੋਈ ਅਜਿਹਾ ਆਦੇਸ਼ ਉਦੋਂ ਤੱਕ ਨਹੀਂ ਦਿੱਤਾ ਜਾਵੇਗਾ ਜਦੋਂ ਤੱਕ ਕਿ ਸਰਟੀਫਿਕੇਟ ਧਾਰਕ ਨੂੰ ਕਾਰਨ ਦੱਸੋ ਦਾ ਉਚਿਤ ਅਵਸਰ ਨਹੀਂ ਦਿੱਤਾ ਜਾਂਦਾ ਕਿ ਉਸ ਦੇ ਰਜਿਸਟ੍ਰੇਸ਼ਨ ਦਾ

ਸਰਟੀਫਿਕੇਟ ਕਿਉਂ ਨਾ ਰੱਦ ਕੀਤਾ ਜਾਵੇ।

(2) ਜਿੱਥੇ ਸੰਸਥਾ ਦੇ ਸਬੰਧ ਵਿਚ ਰਜਿਸਟ੍ਰੇਸ਼ਨ ਸਰਟੀਫਿਕੇਟ ਉਪ-ਧਾਰਾ (1) ਤਹਿਤ ਰੱਦ ਕੀਤਾ ਗਿਆ ਹੈ ਤਾਂ ਅਜਿਹੀ ਸੰਸਥਾ ਮਨਸੂਖੀ ਦੀ ਅਜਿਹੀ ਮਿਤੀ ਤੋਂ ਕਾਰਜ ਕਰਨਾ ਬੰਦ ਕਰ ਦੇਵੇਗੀ:

ਬਸ਼ਰਤੇ ਕਿ ਜਿਥੇ ਰੱਦ ਜਾਂ ਮਨਸੁਖੀ ਦੇ ਹੁਕਮਾਂ ਵਿਰੁੱਧ ਧਾਰਾ 53 ਤਹਿਤ ਅਪੀਲ ਕੀਤੀ ਗਈ ਹੈ, ਅਜਿਹੀ ਸੰਸਥਾ ਕਾਰਜ ਕਰਨਾ ਬੰਦ ਕਰੇਗੀ-

(ੳ) ਜਿਥੇ ਅਜਿਹੀ ਅਪੀਲ ਦਾਇਰ ਕਰਨ ਲਈ ਨਿਰਧਾਰਤ ਸਮੇਂ ਦੇ ਖਤਮ ਹੋਣ ਤੋਂ ਤੁਰੰਤ ਬਾਅਦ ਕੋਈ ਅਪੀਲ ਦਾਇਰ ਨਹੀਂ ਕੀਤੀ ਗਈ ਹੈ; ਜਾਂ

(ਅ) ਜਿਥੇ ਅਜਿਹੀ ਅਪੀਲ ਦਾਇਰ ਕੀਤੀ ਹੈ ਪਰ ਮਨਸੂਖੀ ਦਾ ਆਦੇਸ਼ ਅਪੀਲ ਦੇ ਆਦੇਸ਼ ਦੀ ਮਿਤੀ ਤੋਂ ਬਰਕਰਾਰ ਰਖਿਆ ਗਿਆ ਹੈ।

(3) ਸੰਸਥਾ ਦੇ ਸਬੰਧ ਵਿਚ ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਦੀ ਮਨਸੂਖੀ ’ਤੇ ਸਮਰੱਥ ਅਥਾਰਟੀ ਨਿਰਦੇਸ਼ ਦੇ ਸਕਦਾ ਹੈ ਕਿ ਕੋਈ ਵੀ ਦਿਵਿਆਂਗ ਵਿਅਕਤੀ ਜਿਹੜਾ ਅਜਿਹੀ ਮਨਸੂਖੀ ਦੀ ਮਿਤੀ ’ਤੇ ਅਜਿਹੀ ਸੰਸਥਾ ਦਾ ਵਾਸੀ ਹੈ, ਨੂੰ-

(ੳ) ਉਸ ਦੇ ਮਾਂ-ਪਿਉ, ਪਤੀ ਜਾਂ ਪਤਨੀ ਜਾਂ ਕਾਨੂੰਨੀ ਸਰਪ੍ਰਸਤ, ਜਿਵੇਂ ਵੀ ਕੇਸ ਹੋਵੇ, ਕੋਲ ਵਾਪਸ ਭੇਜ ਦਿੱਤਾ ਜਾਵੇਗਾ; ਜਾਂ

(ਅ) ਸਮਰੱਥ ਅਥਾਰਟੀ ਵਲੋਂ ਨਿਰਧਾਰਤ ਕਿਸੇ ਹੋਰ ਸੰਸਥਾ ਵਿਚ ਟ੍ਰਾਂਸਫਰ ਕਰ ਦਿੱਤਾ ਜਾਵੇਗਾ

(4) ਹਰੇਕ ਸੰਸਥਾ ਜਿਸ ਕੋਲ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਹੈ ਜਿਸ ਨੂੰ ਕਿ ਇਸ ਧਾਰਾ ਤਹਿਤ ਰੱਦ ਕਰ ਦਿੱਤਾ ਗਿਆ ਹੈ, ਅਜਿਹੀ ਮਨਸੂਖੀ ਤੋਂ ਬਾਅਦ ਤੁਰੰਤ ਅਜਿਹੇ ਸਰਟੀਫਿਕੇਟ ਨੂੰ ਸਮਰੱਥ ਅਥਾਰਟੀ ਦੇ ਸਪੁਰਦ ਕਰ ਦੇਵੇਗੀ।

---

ਅਪੀਲ

53. (1) ਕੋਈ ਵੀ ਵਿਅਕਤੀ ਜਿਹੜਾ ਕਿ ਸਮਰਥ ਅਥਾਰਟੀ ਦੇ ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਨੂੰ ਦੇਣ ਤੋਂ ਇਨਕਾਰ ਕਰਨ ਜਾਂ ਮਨਸੂਖ ਕਰਨ ਦੇ ਆਦੇਸ਼ ਤੋਂ ਪੀੜਿਤ ਹੈ, ਰਾਜ ਸਰਕਾਰ ਵਲੋਂ ਨਿਰਧਾਰਤ ਕੀਤੇ ਸਮੇਂ ਅੰਦਰ ਅਜਿਹੀ ਮਨਸੂਖੀ ਜਾਂ ਅਪ੍ਰਵਾਨਗੀ ਦੇ ਵਿਰੁੱਧ ਰਾਜ ਸਰਕਾਰ ਵਲੋਂ ਅਧਿਸੂਚਿਤ ਕੀਤੀ ਅਪੀਲ ਅਥਾਰਟੀ ਕੋਲ ਅਪੀਲ ਦਾਇਰ ਕਰ ਸਕਦਾ ਹੈ।

(2) ਅਜਿਹੀ ਅਪੀਲ ਉਤੇ ਅਪੀਲ ਅਥਾਰਟੀ ਦਾ ਆਦੇਸ਼ ਅੰਤਿਮ ਹੋਵੇਗਾ।

---

ਕੇਂਦਰ ਜਾਂ ਰਾਜ ਸਰਕਾਰ ਵਲੋਂ ਸਥਾਪਤ ਜਾਂ ਰੱਖ-ਰਖਾਵ ਕੀਤਆਂ ਜਾਂਦੀਆਂ ਸੰਸਥਾਵਾਂ ’ਤੇ ਐਕਟ ਲਾਗੂ ਨਹੀਂ ਹੋਵੇਗਾ

54. ਇਸ ਅਧਿਆਇ ਵਿਚ ਦਰਜ ਕੁਝ ਵੀ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਵਲੋਂ ਸਥਾਪਿਤ ਜਾਂ ਰੱਖ-ਰਖਾਵ ਕੀਤੀ ਜਾਂਦੀ ਦਿਵਿਆਂਗ ਵਿਅਕਤੀਆਂ ਦੀ ਸੰਸਥਾ ਉਤੇ ਲਾਗੂ ਨਹੀਂ ਹੋਵੇਗਾ।

---

ਰਜਿਸਟਰ ਹੋਈਆਂ ਸੰਸਥਾਵਾਂ ਨੂੰ ਸਹਾਇਤਾ

55. ਸਬੰਧਤ ਸਰਕਾਰ ਆਰਥਿਕ ਸਮਰੱਥਾ ਅਤੇ ਵਿਕਾਸ ਦੀਆਂ ਸੀਮਾਵਾਂ ਅੰਦਰ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿਚ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਅਤੇ ਸੁਵਿਧਾਵਾਂ ਮੁਹੱਈਆ ਕਰਨ ਲਈ ਰਜਿਸਟਰ ਹੋਈਆਂ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਦੇਵੇਗੀ।

## ਅਧਿਆਇ – X
## ਨਿਰਧਾਰਤ ਦਿਵਆਂਗਤਾ ਦਾ ਪ੍ਰਮਾਣੀਕਰਨ

56. ਕੇਂਦਰ ਸਰਕਾਰ ਵਿਅਕਤੀ ਵਿਚ ਨਿਰਧਾਰਤ ਦਿਵਿਆਂਗਤਾ ਦਾ ਮੁਲਾਂਕਣ ਕਰਨ ਦੇ ਮੰਤਵਾਂ ਲਈ ਦਿਸ਼ਾ-ਨਿਰਦੇਸ਼ ਅਧਿਸੂਚਿਤ ਕਰੇਗੀ। ਨਿਰਧਾਰਤ ਦਿਵਿਆਂਗਤਾ ਦੇ ਮੁਲਾਂਗਣ ਲਈ ਦਿਸ਼ਾ-ਨਿਰਦੇਸ਼

57. (1) ਸਬੰਧਤ ਸਰਕਾਰ ਲੋੜੀਂਦੀਆਂ ਯੋਗਤਾਵਾਂ ਅਤੇ ਤਜਰਬੇ ਵਾਲੇ ਵਿਅਕਤੀਆਂ ਨੂੰ ਪ੍ਰਮਾਣੀਕਰਨ ਅਥਾਰਟੀਆਂ ਵਜੋਂ ਨਿਯੁਕਤ ਕਰੇਗੀ ਜਿਹੜੇ ਕਿ ਦਿਵਿਆਂਗਤਾ ਦਾ ਸਰਟੀਫਿਕੇਟ ਜਾਰੀ ਕਰਨ ਦੇ ਸਮਰੱਥ ਹੋਣਗੇ। ਪ੍ਰਮਾਣੀਕਰਨ ਅਥਾਰਟੀਆਂ ਦੀ ਨਿਯੁਕਤੀ

(2) ਸਬੰਧਤ ਸਰਕਾਰ ਉਸ ਅਧਿਕਾਰ ਖੇਤਰ ਅਤੇ ਉਨ੍ਹਾਂ ਸ਼ਰਤਾਂ ਦਾ ਜਿਸ ਤਹਿਤ ਪ੍ਰਮਾਣੀਕਰਨ ਅਥਾਰਟੀ ਆਪਣੇ ਪ੍ਰਮਾਣੀਕਰਨ ਜਾਂ ਤਸਦੀਕ ਕਰਨ ਦੇ ਕਾਰਜਾਂ ਨੂੰ ਕਰੇਗੀ, ਨੂੰ ਅਧਿਸੂਚਿਤ ਕਰੇਗੀ।

58. (1) ਨਿਰਧਾਰਤ ਦਿਵਿਆਂਗਤਾ ਵਾਲਾ ਕੋਈ ਵੀ ਵਿਅਕਤੀ ਕੇਂਦਰ ਸਰਕਾਰ ਵਲੋਂ ਨਿਰਧਾਰਤ ਕੀਤੇ ਢੰਗ ਰਾਹੀਂ ਦਿਵਿਆਂਗਤਾ ਦੇ ਸਰਟੀਫਿਕੇਟ ਨੂੰ ਜਾਰੀ ਕਰਨ ਲਈ ਅਧਿਕਾਰ ਰਖਣ ਵਾਲੇ ਪ੍ਰਮਾਣੀਕਰਨ ਅਥਾਰਟੀ ਨੂੰ ਬਿਨੈਪੱਤਰ ਦੇ ਸਕਦਾ ਹੈ। ਪ੍ਰਮਾਣੀਕਰਨ ਲਈ ਪ੍ਰਕ੍ਰਿਆ

(2) ਉਪ-ਧਾਰਾ (1) ਤਹਿਤ ਬਿਨੈਪੱਤਰ ਦੇ ਪ੍ਰਾਪਤ ਹੋਣ 'ਤੇ ਪ੍ਰਮਾਣੀਕਰਨ ਜਾਂ ਤਸਦੀਕ ਕਰਨ ਵਾਲੀ ਅਥਾਰਟੀ ਧਾਰਾ 56 ਤਹਿਤ ਅਧਿਸੂਚਿਤ ਕੀਤੇ ਸਬੰਧਤ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਸਬੰਧਤ ਵਿਅਕਤੀ ਦੀ ਦਿਵਿਆਂਗਤਾ ਦਾ ਮੁਲਾਂਕਣ ਕਰੇਗੀ ਅਤੇ ਅਜਿਹੇ ਮੁਲਾਂਕਣ ਤੋਂ ਬਾਅਦ, ਜਿਵੇਂ ਵੀ ਕੇਸ ਹੋਵੇ :-

(ੳ) ਕੇਂਦਰ ਸਰਕਾਰ ਵਲੋਂ ਨਿਰਧਾਰਤ ਕੀਤੇ ਰੂਪ ਜਾਂ ਢੰਗ ਵਿਚ ਅਜਿਹੇ ਵਿਅਕਤੀ ਨੂੰ ਦਿਵਿਆਂਗਤਾ ਦਾ ਸਰਟੀਫਿਕੇਟ ਜਾਰੀ ਕਰੇਗੀ;

(ਅ) ਲਿਖਤੀ ਰੂਪ ਵਿਚ ਉਸ ਨੂੰ ਸੂਚਿਤ ਕਰੇਗੀ ਕਿ ਉਸ ਨੂੰ ਨਿਰਧਾਰਤ ਦਿਵਿਆਂਗਤਾ ਨਹੀਂ ਹੈ।

(3) ਇਸ ਧਾਰਾ ਤਹਿਤ ਜਾਰੀ ਕੀਤਾ ਗਿਆ ਦਿਵਿਆਂਗਤਾ ਸਰਟੀਫਿਕੇਟ ਸਾਰੇ ਦੇਸ਼ ਵਿਚ ਵੈਧ ਹੋਵੇਗਾ।

59. (1) ਪ੍ਰਮਾਣੀਕਰਨ ਅਥਾਰਟੀ ਦੇ ਫ਼ੈਸਲੇ ਤੋਂ ਪੀੜਿਤ ਕੋਈ ਵੀ ਵਿਅਕਤੀ ਅਜਿਹੇ ਫ਼ੈਸਲੇ ਵਿਰੁੱਧ ਰਾਜ ਸਰਕਾਰ ਵਲੋਂ ਨਿਰਧਾਰਤ ਕੀਤੇ ਤਰੀਕੇ ਅਤੇ ਸਮੇਂ ਅੰਦਰ ਅਜਿਹੀ ਅਪੀਲ ਅਥਾਰਟੀ ਨੂੰ ਅਪੀਲ ਕਰ ਸਕਦਾ ਹੈ ਜਿਸ ਨੂੰ ਕਿ ਰਾਜ ਸਰਕਾਰ ਵਲੋਂ ਇਸ ਮੰਤਵ ਲਈ ਨਿਯੁਕਤ ਕੀਤਾ ਗਿਆ ਹੈ। ਪ੍ਰਮਾਣੀਕਰਨ ਅਥਾਰਟੀ ਦੇ ਫੈਸਲੇ ਵਿਰੁੱਧ ਅਪੀਲ

(2) ਅਪੀਲ ਦੇ ਪ੍ਰਾਪਤ ਹੋਣ ਤੇ ਅਪੀਲ ਅਥਾਰਟੀ ਰਾਜ ਸਰਕਾਰ ਵਲੋਂ ਨਿਰਧਾਰਤ ਕੀਤੇ ਢੰਗ ਅਨੁਸਾਰ ਫ਼ੈਸਲਾ ਕਰ ਸਕਦੀ ਹੈ

## ਅਧਿਆਇ – XI
## ਦਿਵਿਆਂਗ ਉੱਤੇ ਕੇਂਦਰੀ ਅਤੇ ਰਾਜ ਸਲਾਹਕਾਰ ਬੋਰਡ ਅਤੇ ਜ਼ਿਲ੍ਹਾ ਪੱਧਰੀ ਕਮੇਟੀ

60. (1) ਕੇਂਦਰ ਸਰਕਾਰ, ਅਧਿਸੂਚਨਾ ਰਾਹੀਂ ਅਜਿਹੀ ਸੰਸਥਾ ਦਾ ਗਠਨ ਕਰੇਗੀ ਜਿਸ ਨੂੰ ਕਿ ਦਿਵਿਆਂਗਤਾ ਉਤੇ ਕੇਂਦਰੀ ਸਲਾਹਕਾਰ ਬੋਰਡ ਵਜੋਂ ਜਾਣਿਆ ਜਾਵੇਗਾ ਅਤੇ ਜੋ ਇਸ ਨੂੰ ਦਿੱਤੇ ਅਧਿਕਾਰਾਂ ਦੀ ਵਰਤੋਂ ਕਰੇਗੀ ਅਤੇ ਇਸ ਐਕਟ ਤਹਿਤ ਇਸ ਨੂੰ ਦਿੱਤੇ ਕਾਰਜਾਂ ਨੂੰ ਕਰੇਗੀ। ਦਿਵਿਆਂਗਤਾ ਉੱਤੇ ਕੇਂਦਰੀ ਸਲਾਹਕਾਰ ਬੋਰਡ ਦਾ ਗਠਨ

(2) ਕੇਂਦਰੀ ਸਲਾਹਕਾਰ ਬੋਰਡ ਵਿਚ ਹੇਠ ਲਿਖੇ ਸ਼ਾਮਲ ਹੋਣਗੇ :-

(ੳ) ਕੇਂਦਰ ਸਰਕਾਰ ਵਿਚ ਦਿਵਿਆਂਗਤਾ ਮਾਮਲੇ ਵਿਭਾਗ ਦੇ ਮੰਤਰੀ ਇੰਚਾਰਜ, ਚੇਅਰਪਰਸਨ,

ਪਦਵੀ ਕਾਰਨ;

(ਅ) ਕੇਂਦਰ ਸਰਕਾਰ ਵਿਚ ਦਿਵਿਆਂਗਤਾ ਮਾਮਲਿਆਂ ਨਾਲ ਸਬੰਧਤ ਵਿਭਾਗ ਨਾਲ ਕਾਰ-ਵਿਹਾਰ ਕਰ ਰਹੇ ਮੰਤਰੀ ਇੰਚਾਰਜ, ਉਪ ਚੇਅਰਪਰਸਨ, ਪਦਵੀ ਕਾਰਨ;

(ੲ) ਸੰਸਦ ਦੇ ਤਿੰਨ ਮੈਂਬਰ ਜਿਨ੍ਹਾਂ ਵਿਚੋਂ ਦੋ ਦੀ ਚੋਣ ਲੋਕ ਸਭਾ ਵਲੋਂ ਅਤੇ ਇੱਕ ਦੀ ਚੋਣ ਰਾਜ ਸਭਾ ਵਲੋਂ ਕੀਤੀ ਜਾਵੇਗੀ, ਮੈਂਬਰ, ਪਦਵੀ ਕਾਰਨ;

(ਸ) ਸਾਰੇ ਰਾਜਾਂ ਦੇ ਦਿਵਿਆਂਗਤਾ ਮਾਮਲਿਆਂ ਦੇ ਮੰਤਰੀ ਇੰਚਾਰਜ ਅਤੇ ਕੇਂਦਰ ਸਾਸ਼ਤ ਪ੍ਰਦੇਸ਼ਾਂ ਦੇ ਪ੍ਰਸ਼ਾਸ਼ਕ ਜਾਂ ਲੈਫਟੀਨੈਂਟ ਗਵਰਨਰ, ਮੈਂਬਰ, ਪਦਵੀ ਕਾਰਨ;

(ਹ) ਭਾਰਤ ਸਰਕਾਰ ਦੇ ਮੰਤਰਾਲਿਆਂ ਦੇ ਇੰਚਾਰਜ ਸਕੱਤਰ ਜਾਂ ਦਿਵਿਆਂਗਤਾ ਮਾਮਲੇ ਵਿਭਾਗ, ਸਮਾਜਕ ਨਿਆਂ ਅਤੇ ਸਸ਼ਕਤੀਕਰਨ, ਸਕੂਲ ਸਿੱਖਿਆ ਅਤੇ ਸਾਖਰਤਾ ਅਤੇ ਉਚੇਰੀ ਸਿੱਖਿਆ, ਇਸਤਰੀ ਤੇ ਬਾਲ ਵਿਕਾਸ, ਪ੍ਰਸੋਨਲ ਤੇ ਟ੍ਰੇਨਿੰਗ, ਖਰਚ, ਪ੍ਰਸ਼ਾਸ਼ਕੀ ਸੁਧਾਰ ਅਤੇ ਜਨਤਕ ਸ਼ਿਕਾਇਤਾਂ, ਸਿਹਤ ਅਤੇ ਪਰਿਵਾਰ ਭਲਾਈ, ਪੇਂਡੂ ਵਿਕਾਸ, ਪੰਚਾਇਤੀ ਰਾਜ, ਉਦਯੋਗਿਕ ਪਾਲਿਸੀ ਅਤੇ ਪ੍ਰਗਤੀ, ਸ਼ਹਿਰੀ ਵਿਕਾਸ, ਮਕਾਨ ਉਸਾਰੀ ਅਤੇ ਸ਼ਹਿਰੀ ਗਰੀਬੀ ਨਿਵਾਰਣ, ਸਾਇੰਸ ਅਤੇ ਤਕਨਾਲੋਜੀ, ਸੰਚਾਰ ਅਤੇ ਸੂਚਨਾ ਤਕਨਾਲੋਜੀ, ਕਾਨੂੰਨੀ ਮਾਮਲੇ,ਜਨਤਕ ਉਦਯੋਗ, ਯੁਵਾ ਮਾਮਲੇ ਅਤੇ ਖੇਡਾਂ, ਰੋਡ ਟ੍ਰਾਂਸਪੋਰਟ ਅਤੇ ਹਾਈਵੇ ਅਤੇ ਸਿਵਲ ਹਵਾਬਾਜੀ ਵਿਭਾਗ, ਮੈਂਬਰ ਪਦਵੀ ਕਾਰਨ;

(ਕ) ਸਕੱਤਰ, ਨੈਸ਼ਨਲ ਇੰਸਟੀਚਿਊਟ ਆਫ ਟ੍ਰਾਂਸਫੋਰਮਿੰਗ ਇੰਡੀਆ ਆਯੋਗ (ਨੀਤੀ ਆਯੋਗ), ਮੈਂਬਰ ਅਹੁਦੇ ਕਾਰਨ;

(ਖ) ਚੇਅਰਪਰਸਨ, ਪੁਨਰਵਾਸ ਭਾਰਤੀ ਕਾਊਂਸਲ, ਮੈਂਬਰ, ਅਹੁਦੇ ਕਾਰਨ;

(ਗ) ਚੇਅਰਪਰਸਨ ਆਰਟੀਜ਼ਮ, ਸੈਰੇਬਰਾਲ ਪਲਸੀ ਮਾਨਸਿਕ ਦਿਵਿਆਂਗਤਾ ਅਤੇ ਬਹੁਪੱਖੀ ਦਿਵਿਆਂਗਤਾਵਾਂ ਵਾਲੇ ਵਿਅਕਤੀਆਂ ਦੀ ਭਲਾਈ ਸਬੰਧੀ ਕੌਮੀ ਟ੍ਰਸਟ ਦਾ ਮੈਂਬਰ, ਅਹੁਦੇ ਕਾਰਨ।

(ਘ) ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਨੈਸ਼ਨਲ ਹੈਂਡੀਕੈਪਡ ਫਾਇਨਾਂਸ ਡਵੈਲਪਮੈਂਟ ਕਾਰਪੋਰੇਸ਼ਨ, ਮੈਂਬਰ, ਅਹੁਦੇ ਕਾਰਨ;

(ਙ) ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ, ਆਰਟੀਫੀਸ਼ੀਅਲ ਲਿੰਬਸ ਮੈਨੂਫੈਕਚਰਿੰਗ ਕਾਰਪੋਰੇਸ਼ਨ, ਮੈਂਬਰ, ਅਹੁਦੇ ਕਾਰਣ;

(ਚ) ਚੇਅਰਮੈਨ, ਰੇਲਵੇ ਬੋਰਡ, ਮੈਂਬਰ, ਅਹੁਦੇ ਕਾਰਣ;

(ਛ) ਡਾਇਰੈਕਟਰ ਜਨਰਲ, ਰੁਜ਼ਗਾਰ ਅਤੇ ਸਿਖਲਾਈ, ਕਿਰਤ ਅਤੇ ਰੁਜ਼ਗਾਰ ਮੰਤਰਾਲਾ, ਮੈਂਬਰ, ਅਹੁਦੇ ਕਾਰਣ

(ਜ) ਡਾਇਰੈਕਟਰ, ਨੈਸ਼ਨਲ ਕਾਊਂਸਲ ਫਾਰ ਐਜੂਕੇਸ਼ਨ ਰੀਸਰਚ ਐਂਡ ਟ੍ਰੇਨਿੰਗ, ਮੈਂਬਰ, ਅਹੁਦੇ ਕਾਰਨ;

(ਝ) ਚੇਅਰਪਰਸਨ, ਨੈਸ਼ਨਲ ਕਾਊਂਸਲ ਆਫ ਟੀਚਰ ਐਜੂਕੇਸ਼ਨ, ਮੈਂਬਰ, ਅਹੁਦੇ ਕਾਰਣ;

(ਞ) ਚੇਅਰਪਰਸਨ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਮੈਂਬਰ, ਅਹੁਦੇ ਕਾਰਣ

(ਟ) ਚੇਅਰਪਰਸਨ, ਮੈਡੀਕਲ ਕਾਊਂਸਲ ਆਫ ਇੰਡੀਆ, ਮੈਂਬਰ, ਅਹੁਦੇ ਕਾਰਣ

(ਠ) ਹੇਠ ਲਿਖੀਆਂ ਸੰਸਥਾਵਾਂ ਦੇ ਡਾਇਰੈਕਟਰ :-

(i) ਨੈਸ਼ਨਲ ਇੰਸਟੀਚਿਊਟ ਵਿਜ਼ੂਅਲੀ ਹੈਂਡੀਕੈਪਡ, ਦੇਹਰਾਦੂਨ;

(ii) ਨੈਸ਼ਨਲ ਇੰਸਟੀਚਿਊਟ ਫਾਰ ਮੈਂਟਲੀ ਹੈਂਡੀਕੈਪਡ, ਸਿਕੰਦਰਾਬਾਦ;

(iii) ਪੰਡਿਤ ਦੀਨ-ਦਿਆਲ ਉਪਾਧਿਆਇ ਇੰਸਟੀਚਿਊਟ ਫਾਰ ਫਿਜ਼ੀਕਲੀ ਹੈਂਡੀਕੈਪਡ, ਨਵੀਂ ਦਿੱਲੀ;

(iv) ਅਲੀ ਯਵਰ ਜੰਗ ਨੈਸ਼ਨਲ ਇੰਸਟੀਚਿਊਟ ਫਾਰ ਹਿਅਰਿੰਗ ਹੈਂਡੀਕੈਪਡ, ਮੁੰਬਈ;

(v) ਨੈਸ਼ਨਲ ਇੰਸਟੀਚਿਊਟ ਫਾਰ ਆੱਰਥੋਪੈਡੀਕਲੀ ਹੈਂਡੀਕੈਪਡ, ਕੋਲਕੱਤਾ;

(vi) ਨੈਸ਼ਨਲ ਇੰਸਟੀਚਿਊਟ ਆਫ ਰੀਹੈਬੀਲੇਸ਼ਨ ਟ੍ਰੇਨਿੰਗ ਐਂਡ ਰੀਸਰਚ, ਕਟਕ;

(vii) ਨੈਸ਼ਨਲ ਇੰਸਟੀਚਿਊਟ ਫਾਰ ਇਮਪਾਵਰਮੈਂਟ ਆਫ ਪਰਸਨਸ ਵਿਦ ਮਲਟੀਪਲ ਡਿਸਐਬਿਲਟੀਜ਼, ਚੇਨਈ;

(viii) ਨੈਸ਼ਨਲ ਇੰਸਟੀਚਿਊਟ ਫਾਰ ਮੈਂਟਲ ਹੈੱਲਥ ਐਂਡ ਸਾਇੰਸਿਜ਼, ਬੈਂਗਲੋਰ;

(ix) ਇੰਡੀਅਨ ਸਾਈਨ ਲੈਂਗੁਏਜ ਰਿਸਰਚ ਐਂਡ ਟ੍ਰੇਨਿੰਗ ਸੈਂਟਰ, ਨਵੀਂ ਦਿੱਲੀ, ਮੈਂਬਰ, ਅਹੁਦੇ ਕਾਰਣ;

(ਡ) ਕੇਂਦਰ ਸਰਕਾਰ ਵਲੋਂ ਨਾਮਜ਼ਦ ਕੀਤੇ ਜਾਣੇ ਵਾਲੇ ਮੈਂਬਰ:-

(i) ਪੰਜ ਮੈਂਬਰ ਜਿਹੜੇ ਕਿ ਦਿਵਿਆਂਗਤਾ ਅਤੇ ਪੁਨਰਵਾਸ ਦੇ ਖੇਤਰ ਵਿਚ ਮਾਹਰ ਹਨ

(ii) ਦਸ ਮੈਂਬਰ ਜਿਹੜੇ ਜਿਥੋ ਤਕ ਸੰਭਵ ਹੋਵੇ ਦਿਵਿਆਂਗ ਹੋਣ ਅਤੇ ਉਹ ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਗੈਰ ਸਰਕਾਰੀ ਸੰਸਥਾਵਾਂ ਜਾਂ ਦਿਵਿਆਂਗ ਵਿਅਕਤੀਆਂ ਦੀਆਂ ਸੰਸਥਾਵਾਂ ਦੀ ਪ੍ਰਤਿਨਿਧਤਾ ਕਰਨਗੇ:

ਬਸ਼ਰਤੇ ਕਿ ਨਾਮਜ਼ਦ ਕੀਤੇ ਦਸ ਮੈਂਬਰਾਂ ਵਿਚੋਂ ਘੱਟੋ ਘੱਟ ਪੰਜ ਮੈਂਬਰ ਔਰਤਾਂ ਹੋਣ ਅਤੇ ਘੱਟ ਘੱਟ ਇਕ ਇਕ ਵਿਅਕਤੀ ਹਰੇਕ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਵਿਚੋਂ ਹੋਵੇ।

(iii) ਵਪਾਰ ਅਤੇ ਉਦਯੋਗ ਦੇ ਰਾਸ਼ਟਰ ਪੱਧਰੀ ਚੈਂਬਰਾਂ ਦੇ ਤਿੰਨ ਤੋਂ ਵੱਧ ਪ੍ਰਤੀਨਿਧੀ ਨਹੀਂ ਲਏ ਜਾ ਸਕਦੇ;

ਢ) ਦਿਵਿਆਂਗ ਪਾਲਿਸੀ ਤਹਿਤ ਕਾਰਜਸ਼ੀਲ ਸੰਯੁਕਤ ਸਕੱਤਰ, ਭਾਰਤ ਸਰਕਾਰ, ਮੈਂਬਰ ਸਕੱਤਰ, ਅਹੁਦੇ ਕਾਰਨ।

---

ਮੈਂਬਰਾਂ ਦੀ ਸੇਵਾ ਦੇ ਨਿਯਮ ਅਤੇ ਸ਼ਰਤਾਂ

61. (1) ਇਸ ਐਕਟ ਵਿਚ ਦਿੱਤੇ ਹੋਰਵੇਂ ਤੋਂ ਇਲਾਵਾ ਧਾਰਾ 60 ਦੀ ਉਪਧਾਰਾ (2) ਦੇ ਖੰਡ (ਡ) ਤਹਿਤ ਨਾਮਜ਼ਦ ਕੀਤੇ ਕੇਂਦਰੀ ਸਲਾਹਕਾਰ ਬੋਰਡ ਦੇ ਮੈਂਬਰ ਨਾਮਜ਼ਦਗੀ ਦੀ ਮਿਤੀ ਤੋਂ ਤਿੰਨ ਸਾਲ ਦੇ ਸਮੇਂ ਲਈ ਅਹੁਦਾ ਸੰਭਾਲਣਗੇ।

ਬਸ਼ਰਤੇ ਕਿ ਅਜਿਹਾ ਮੈਂਬਰ ਅਪਣੇ ਅਹੁਦੇ ਦੀ ਮਿਆਦ ਪੁੱਗਣ ਦੀ ਪਰਵਾਹ ਨਾ ਕਰਦੇ ਹੋਏ, ਉਦੋਂ ਤੱਕ ਆਪਣੇ ਅਹੁਦੇ 'ਤੇ ਰਹੇਗਾ ਜਦੋਂ ਤਕ ਕਿ ਉਸ ਦਾ ਉਤਰਾਧਿਕਾਰੀ ਅਹੁਦਾ ਨਹੀਂ ਸੰਭਾਲਦਾ।

(2) ਕੇਂਦਰ ਸਰਕਾਰ ਜੇਕਰ ਉਹ ਯੋਗ ਸਮਝਦੀ ਹੈ, ਧਾਰਾ 60 ਦੀ ਉਪ ਧਾਰਾ (2) ਦੇ ਖੰਡ (ਡ) ਤਹਿਤ ਨਾਮਜ਼ਦ ਕਿਸੇ ਮੈਂਬਰ ਨੂੰ ਉਸ ਦੇ ਅਹੁਦੇ ਦੀ ਮਿਆਦ ਪੁੱਗਣ ਤੋਂ ਪਹਿਲਾਂ ਹੀ ਉਸ ਨੂੰ ਨਾ ਹਟਾਉਣ ਦਾ ਕਾਰਨ ਦੇਣ ਦਾ ਉਚਿਤ ਮੌਕਾ ਦੇਣ ਤੋਂ ਬਾਅਦ ਉਸ ਨੂੰ ਹਟਾ ਸਕਦੀ ਹੈ।

(3) ਧਾਰਾ 60 ਦੀ ਉਪਧਾਰਾ (2) ਦੇ ਖੰਡ (ਡ) ਤਹਿਤ ਨਾਮਜ਼ਦ ਮੈਂਬਰ ਕਿਸੇ ਵੀ ਸਮੇਂ ਆਪ ਲਿਖਤੀ ਰੂਪ ਵਿਚ ਆਪਣਾ ਅਸਤੀਫਾ ਕੇਂਦਰ ਸਰਕਾਰ ਨੂੰ ਦੇ ਕੇ ਅਹੁਦੇ ਤੋਂ ਹਟ ਸਕਦਾ ਹੈ ਅਤੇ ਇਸ ਤੋਂ ਬਾਅਦ ਉਕਤ ਮੈਂਬਰ ਦੀ ਸੀਟ ਖਾਲੀ ਹੋ ਜਾਵੇਗੀ।

(4) ਕੇਂਦਰੀ ਸਲਾਹਕਾਰ ਬੋਰਡ ਵਿਚ ਅਚਨਚੇਤ ਖਾਲੀ ਅਸਾਮੀ ਨੂੰ ਤਾਜ਼ਾ ਨਾਮਜ਼ਦਗੀ ਰਾਹੀਂ ਭਰਿਆ ਜਾਵੇਗਾ ਅਤੇ ਇਸ ਅਸਾਮੀ ਉੱਪਰ ਨਾਮਜ਼ਦ ਵਿਅਕਤੀ ਕੇਵਲ ਉਨੇ ਸਮੇਂ ਲਈ ਅਹੁਦਾ ਸੰਭਾਲੇਗਾ ਜਿਨ੍ਹੇ ਸਮੇਂ ਦੀ ਮਿਆਦ ਉਸ ਮੈਂਬਰ ਦੀ ਰਹਿੰਦੀ ਸੀ ਜਿਸ ਦੀ ਥਾਂ ਉਸ ਨੂੰ ਨਾਮਜ਼ਦ ਕੀਤਾ ਗਿਆ ਹੈ।

(5) ਧਾਰਾ 60 ਦੀ ਉਪ-ਧਾਰਾ (2) ਦੇ ਖੰਡ (ਡ) ਦੇ ਉਪ-ਖੰਡ (iii) ਜਾਂ ਉਪ-ਖੰਡ (i) ਤਹਿਤ ਨਾਮਜ਼ਦ ਮੈਂਬਰ ਮੁੜ ਨਾਮਜ਼ਦਗੀ ਲਈ ਯੋਗ ਹੋਵੇਗਾ।

(6) ਧਾਰਾ 60 ਦੀ ਉਪ ਧਾਰਾ (2) ਦੇ ਖੰਡ (ਡ) ਦੇ ਉਪਖੰਡ (i) ਦੇ ਅਤੇ ਉਪਖੰਡ (ii) ਤਹਿਤ ਨਾਮਜ਼ਦ ਮੈਂਬਰ ਅਜਿਹੇ ਭੱਤੇ ਪ੍ਰਾਪਤ ਕਰਨਗੇ ਜਿਵੇਂ ਕਿ ਕੇਂਦਰ ਸਰਕਾਰ ਨੇ ਨਿਰਧਾਰਤ ਕੀਤਾ ਹੋਵੇ।

| | |
|---|---|
| ਅਯੋਗਤਾਵਾਂ | 62. (1) ਅਜਿਹਾ ਕੋਈ ਵੀ ਵਿਅਕਤੀ ਕੇਂਦਰੀ ਸਲਾਹਕਾਰ ਬੋਰਡ ਦਾ ਮੈਂਬਰ ਨਹੀਂ ਹੋਵੇਗਾ, ਜਿਹੜਾ :-<br>(ੳ) ਦਿਵਾਲੀਆ ਹੈ ਜਾਂ ਕਿਸੇ ਵੀ ਸਮੇਂ ਦਿਵਾਲੀਆ ਕਰਾਰ ਦਿੱਤਾ ਗਿਆ ਹੋਵੇ ਜਾਂ ਜਿਸ ਦੇ ਕਰਜ਼ਿਆਂ ਦੀ ਅਦਾਇਗੀ ਕੀਤੀ ਹੋਵੇ ਜਾਂ ਜਿਸ ਨੇ ਆਪਣੇ ਲੈਣਦਾਰਾਂ ਨਾਲ ਸਮਝੌਤਾ ਕੀਤਾ ਹੋਵੇ, ਜਾਂ<br>(ਅ) ਤੰਦਰੁਸਤ ਦਿਮਾਗ ਦਾ ਨਾ ਹੋਵੇ ਅਤੇ ਸਮਰੱਥ ਅਦਾਲਤ ਨੇ ਉਸ ਨੂੰ ਅਜਿਹਾ ਘੋਸ਼ਿਤ ਕੀਤਾ ਹੋਵੇ, ਜਾਂ<br>(ੲ) ਕਿਸੇ ਜ਼ੁਰਮ ਅਧੀਨ ਸਜ਼ਾ ਦਿੱਤਾ ਗਈ ਹੋਵੇ ਜੋ ਕਿ ਰਾਜ ਸਰਕਾਰ ਦੀ ਰਾਇ ਅਨੁਸਾਰ ਦੁਰਾਚਾਰ ਦਾ ਮਾਮਲਾ ਹੋਵੇ, ਜਾਂ<br>(ਸ) ਇਸ ਐਕਟ ਤਹਿਤ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੋਵੇ, ਜਾਂ<br>(ਹ) ਕੇਂਦਰ ਸਰਕਾਰ ਦੀ ਰਾਇ ਵਿਚ ਮੈਂਬਰ ਵਜੋਂ ਆਪਣੇ ਅਹੁਦੇ ਦਾ ਦੁਰਉਪਯੋਗ ਕੀਤਾ ਹੈ ਅਤੇ ਕੇਂਦਰੀ ਸਲਾਹਕਾਰ ਬੋਰਡ ਵਿਚ ਉਸ ਦੀ ਨਿਰੰਤਰਤਾ ਆਮ ਜਨਤਾ ਦੇ ਹਿੱਤਾਂ ਵਿਚ ਨਹੀਂ ਹੈ।<br>(2) ਇਸ ਧਾਰਾ ਤਹਿਤ ਕੇਂਦਰ ਸਰਕਾਰ ਵਲੋਂ ਬਰਖਾਸਤਗੀ ਦਾ ਕੋਈ ਆਦੇਸ਼ ਨਹੀਂ ਕੀਤਾ ਜਾਵੇ ਗਾ ਜਦੋਂ ਤਕ ਕਿ ਸਬੰਧਤ ਮੈਂਬਰ ਨੂੰ ਕਾਰਨ ਦਸੋ ਨੋਟਿਸ ਦਾ ਉਚਿਤ ਅਵਸਰ ਨਹੀਂ ਦਿੱਤਾ ਜਾਂਦਾ।<br>(3) ਸੈਕਸ਼ਨ 61 ਦੇ ਉਪ-ਸੈਕਸ਼ਨ (1) ਜਾਂ ਉਪ-ਸੈਕਸ਼ਨ 5 ਵਿਚ ਸ਼ਾਮਿਲ ਕਿਸੇ ਵੀ ਗੱਲ ਦੇ ਬਾਵਜੂਦ ਕੋਈ ਮੈਂਬਰ ਜੋ ਕਿ ਇਸ ਸੈਕਸ਼ਨ ਅਧੀਨ ਕੱਢਿਆ ਜਾਂਦਾ ਹੈ, ਮੈਂਬਰ ਵਜੋਂ ਮੁੜ ਨਾਮਜ਼ਦਗੀ ਦੇ ਯੋਗ ਨਹੀਂ ਹੋਵੇਗਾ। |
| ਮੈਂਬਰਾਂ ਵੱਲੋਂ ਸੀਟ ਦਾ ਖਾਲੀ ਕੀਤਾ ਜਾਣਾ | 63. ਜੇਕਰ ਕੇਂਦਰੀ ਸਲਾਹਕਾਰ ਬੋਰਡ ਦਾ ਕੋਈ ਮੈਂਬਰ ਸੈਕਸ਼ਨ 62 ਵਿਚ ਵਰਣਿਤ ਅਯੋਗਤਾਵਾਂ ਵਿਚੋਂ ਕਿਸੇ ਵੀ ਕਾਰਨ ਅਯੋਗ ਹੋ ਜਾਂਦਾ ਹੈ ਤਾਂ ਉਸ ਦੀ ਸੀਟ ਖਾਲੀ ਹੋ ਜਾਵੇਗੀ। |
| ਦਿਵਿਆਂਗਤਾ 'ਤੇ ਕੇਂਦਰੀ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ | 64. ਕੇਂਦਰੀ ਸਲਾਹਕਾਰ ਬੋਰਡ ਹਰੇਕ ਛੇ ਮਹੀਨਿਆਂ ਵਿਚ ਘਟੋ ਘੱਟ ਇਕ ਮੀਟਿੰਗ ਜ਼ਰੂਰ ਕਰੇਗਾ ਅਤੇ ਆਪਣੀਆਂ ਮੀਟਿੰਗਾਂ ਵਿਚ ਨਿਰਧਾਰਿਤ ਕੀਤੇ ਅਨੁਸਾਰ ਕਾਰੋਬਾਰਾਂ ਦੇ ਲੈਣ ਦੇਣ ਸਬੰਧੀ ਅਜਿਹੇ ਨਿਯਮਾਂ ਦੀ ਪ੍ਰਕ੍ਰਿਆ ਬਾਰੇ ਦੇਖੇਗਾ। |
| ਦਿਵਿਆਂਗਤਾ 'ਤੇ ਕੇਂਦਰੀ ਸਲਾਹਕਾਰ ਬੋਰਡ ਦੇ ਕਾਰਜ | 65. (1) ਇਸ ਐਕਟ ਦੇ ਉਪਬੰਧਾਂ ਦੀਆਂ ਸ਼ਰਤਾਂ ਅਧੀਨ ਦਿਵਿਆਂਗਤਾ 'ਤੇ ਕੇਂਦਰੀ ਸਲਾਹਕਾਰ ਬੋਰਡ ਕੌਮੀ ਪੱਧਰ ਦਾ ਸਲਾਹਕਾਰ ਅਤੇ ਦਿਵਿਆਂਗਤਾ ਮਾਮਲਿਆਂ ਤੇ ਸਲਾਹਕਾਰ ਸੰਸਥਾ ਹੋਵੇਗੀ ਅਤੇ ਦਿਵਿਆਂਗ ਵਿਅਕਤੀਆਂ ਦੇ ਸਸ਼ਕਤੀਕਰਨ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਮੁਕੰਮਲ ਰੂਪ ਵਿਚ ਮਾਣਨ ਲਈ ਨਿਰੰਤਰ ਰੂਪ ਵਿਚ ਕਾਰਜ ਕਰੇਗੀ।<br>(2) ਵਿਸ਼ੇਸ਼ ਰੂਪ ਵਿਚ ਅਤੇ ਬਿਨਾਂ ਕਿਸੇ ਪੱਖਪਾਤ ਤੋਂ ਪੂਰਵ ਵਰਣਿਤ ਉਪਬੰਧਾਂ ਦੀ ਸਧਾਰਣਤਾ ਵਿਚ ਦਿਵਿਆਂਗਤਾ 'ਤੇ ਕੇਂਦਰੀ ਸਲਾਹਕਾਰ ਬੋਰਡ ਨਿਮਨ ਕਾਰਜ ਅਦਾ ਕਰੇਗਾ ਅਰਥਾਤ :-<br>(ੳ) ਦਿਵਿਆਂਗਤਾ ਨਾਲ ਸਬੰਧਤ ਨੀਤੀਆਂ, ਪ੍ਰੋਗਰਾਮਾਂ, ਵਿਧਾਨਕਾਰੀ ਅਤੇ ਪ੍ਰਾਜੈਕਟਾਂ ਸਬੰਧੀ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਨੂੰ ਸਲਾਹ ਦੇਣਗੇ;<br>(ਅ) ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਮੁੱਦਿਆਂ ਦੇ ਨਿਪਟਾਰੇ ਲਈ ਕੌਮੀ ਨੀਤੀ ਵਿਕਸਿਤ ਕਰਨਗੇ;<br>(ੲ) ਸਾਰੇ ਸਰਕਾਰੀ ਅਤੇ ਦੂਸਰੇ ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ ਜੋ ਕਿ ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਮਾਮਲੇ ਹਨ, ਦੀਆਂ ਗਤੀਵਿਧੀਆਂ ਦਾ ਮੁਲਾਂਕਣ ਅਤੇ ਉਨ੍ਹਾਂ ਨਾਲ ਸਹਿਯੋਗ ਕਰਨਗੇ; |

(ਸ) ਦਿਵਿਆਂਗ ਵਿਅਕਤੀਆਂ ਦੇ ਮਾਮਲਿਆਂ ਨੂੰ ਸਬੰਧਤ ਅਧਿਕਾਰੀਆਂ ਅਤੇ ਅੰਤਰ ਰਾਸ਼ਟਰੀ ਸੰਗਠਨਾਂ ਕੋਲ ਲੈ ਕੇ ਜਾਣਗੇ ਤਾਂ ਜੋ ਕੌਮੀ ਯੋਜਨਾਵਾਂ ਵਿਚ ਦਿਵਿਆਂਗ ਵਿਅਕਤੀਆਂ ਲਈ ਉਪਲੱਬਧ ਸਕੀਮਾਂ ਅਤੇ ਪ੍ਰਾਜੈਕਟਾਂ ਦਾ ਲਾਭ ਉਨ੍ਹਾਂ ਨੂੰ ਦਿਵਾਇਆ ਜਾ ਸਕੇ;

(ਹ) ਦਿਵਿਆਂਗ ਵਿਅਕਤੀਆਂ ਦੀ ਪਹੁੰਚ ਨੂੰ ਯਕੀਨੀ ਬਣਾਉਣ, ਉਚਿਤ ਰਿਹਾਇਸ਼ ਮੁਹੱਈਆ ਕਰਵਾਉਣ ਅਤੇ ਗੈਰ ਪੱਖਪਾਤ ਸਬੰਧੀ ਕਦਮਾਂ ਨੂੰ ਚੁੱਕਣ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਸੂਚਨਾ ਅਤੇ ਸੇਵਾਵਾਂ ਮੁਹੱਈਆ ਕਰਵਾਉਣਗੇ ਅਤੇ ਸਮਾਜਿਕ ਜੀਵਨ ਵਿਚ ਉਨ੍ਹਾਂ ਦੀ ਸ਼ਮੂਲੀਅਤ ਲਈ ਮਾਹੌਲ ਪੈਦਾ ਕਰਨਗੇ;

(ਕ) ਦਿਵਿਆਂਗ ਵਿਅਕਤੀਆਂ ਦੀ ਮੁਕੰਮਲ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਕਾਨੂੰਨੀ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਪ੍ਰਭਾਵ ਦਾ ਨਿਯੰਤ੍ਰਣ ਅਤੇ ਮੁਲਾਂਕਣ ਕਰਨਗੇ; ਅਤੇ

(ਖ) ਅਜਿਹੇ ਹੋਰ ਕਾਰਜ ਜੋ ਕਿ ਸਮੇਂ-ਸਮੇਂ ਤੇ ਕੇਂਦਰ ਸਰਕਾਰ ਵੱਲੋਂ ਉਨ੍ਹਾਂ ਨੂੰ ਸੌਂਪੇ ਜਾ ਸਕਦੇ ਹਨ।

---

ਦਿਵਿਆਂਗਤਾ 'ਤੇ ਰਾਜ ਸਲਾਹਕਾਰ ਬੋਰਡ

66 (1) ਹਰੇਕ ਰਾਜ ਸਰਕਾਰ ਅਧਿਸੂਚਨਾ ਦੁਆਰਾ ਇਕ ਸੰਸਥਾ ਦਾ ਗਠਨ ਕਰੇਗੀ ਜੋ ਕਿ ਦਿਵਿਆਂਗਤਾ ਸਬੰਧੀ ਰਾਜ ਸਲਾਹਕਾਰ ਬੋਰਡ ਵਜੋਂ ਜਾਣਿਆ ਜਾਵੇਗਾ ਅਤੇ ਇਸ ਐਕਟ ਅਧੀਨ ਇਸ ਨੂੰ ਦਿਤੇ ਅਧਿਕਾਰਾਂ ਦੀ ਵਰਤੋਂ ਕਰਨ ਦੇ ਨਾਲ ਨਾਲ ਜ਼ਿੰਮੇ ਲਗੇ ਕਾਰਜਾਂ ਨੂੰ ਵੀ ਨਿਭਾਵੇਗਾ।

(2) ਰਾਜ ਸਲਾਹਕਾਰ ਬੋਰਡ ਵਿਚ ਨਿਮਨ ਸ਼ਾਮਿਲ ਹੋਣਗੇ :-

(ੳ) ਰਾਜ ਸਰਕਾਰ ਵਿਚ ਦਿਵਿਆਂਗਤਾ ਮਾਮਲਿਆਂ ਨਾਲ ਸਬੰਧਿਤ ਵਿਭਾਗ ਦਾ ਮੰਤਰੀ ਇੰਚਾਰਜ, ਪਦਵੀ ਕਾਰਣ, ਚੇਅਰਪਰਸਨ;

(ਅ) ਰਾਜ ਸਰਕਾਰ ਵਿਚ ਦਿਵਿਆਂਗਤਾ ਮਾਮਲਿਆਂ ਨਾਲ ਸਬੰਧਿਤ ਵਿਭਾਗ ਦਾ ਇੰਚਾਰਜ ਰਾਜ ਮੰਤਰੀ ਜਾਂ ਡਿਪਟੀ ਮੰਤਰੀ, ਜੇਕਰ ਕੋਈ ਹੋਵੇ ਪਦਵੀ ਕਾਰਣ ਵਾਈਸ ਚੇਅਰਪਰਸਨ;

(ੲ) ਦਿਵਿਆਂਗਤਾ ਮਾਮਲਿਆਂ, ਸਕੂਲ ਸਿੱਖਿਆ, ਸਾਖਰਤਾ ਅਤੇ ਉੱਚ ਸਿੱਖਿਆ, ਇਸਤਰੀ ਅਤੇ ਬਾਲ ਵਿਕਾਸ, ਵਿੱਤ, ਪਰਸੋਨਲ ਅਤੇ ਸਿਖਲਾਈ, ਸਿਹਤ ਅਤੇ ਪਰਿਵਾਰ ਭਲਾਈ, ਪੇਂਡੂ ਵਿਕਾਸ ਪੰਚਾਇਤੀ ਰਾਜ, ਉਦਯੋਗਿਕ ਨੀਤੀ ਅਤੇ ਤਰੱਕੀ, ਕਿਰਤ ਅਤੇ ਰੋਜ਼ਗਾਰ, ਸ਼ਹਿਰੀ ਵਿਕਾਸ, ਮਕਾਨ ਉਸਾਰੀ ਅਤੇ ਸ਼ਹਿਰੀ ਗਰੀਬੀ ਖਾਤਮਾ, ਵਿਗਿਆਨ ਅਤੇ ਤਕਨਾਲੋਜੀ, ਸੂਚਨਾ ਅਤੇ ਤਕਨਾਲੋਜੀ ਜਨਤਕ ਉਦਮ, ਯੁਵਕ ਮਾਮਲੇ ਅਤੇ ਖੇਡਾਂ, ਸੜਕੀ ਆਵਾਜਾਈ ਅਤੇ ਹੋਰ ਦੂਸਰੇ ਵਿਭਾਗ ਜੋ ਕਿ ਦਿਵਿਆਂਗਤਾ ਮਾਮਲਿਆਂ ਦੇ ਇੰਚਾਰਜ ਹੋਣ ਦੇ ਸਕੱਤਰ ਜਿੰਨਾਂ ਨੂੰ ਕਿ ਰਾਜ ਸਰਕਾਰ ਪਦਵੀ ਕਾਰਣ ਜ਼ਰੂਰੀ ਮੈਂਬਰਾਂ ਵਜੋਂ ਤਸੱਵਰ ਕਰਦੀ ਹੈ;

(ਸ) ਰਾਜ ਵਿਧਾਨ ਪਾਲਿਕਾ ਦੇ ਤਿੰਨ ਮੈਂਬਰ ਜਿਨ੍ਹਾਂ ਵਿਚੋਂ ਦੋ ਨੂੰ ਵਿਧਾਨ ਸਭਾ ਦੁਆਰਾ ਚੁਣਿਆ ਜਾਵੇਗਾ ਅਤੇ ਇਕ ਵਿਧਾਨ ਪ੍ਰੀਸ਼ਦ ਵਲੋਂ, ਜੇਕਰ ਕੋਈ ਹੋਵੇ ਅਤੇ ਜਿਥੇ ਵਿਧਾਨ ਪ੍ਰੀਸ਼ਦ ਦਾ ਉਪਬੰਧ ਨਹੀਂ ਉਥੇ ਵਿਧਾਨ ਸਭਾ ਵਲੋਂ ਤਿੰਨ ਮੈਂਬਰਾਂ ਨੂੰ ਪਦਵੀ ਕਾਰਣ ਮੈਂਬਰਾਂ ਵਜੋਂ ਚੁਣਿਆ ਜਾਵੇਗਾ;

(ਹ) ਰਾਜ ਸਰਕਾਰ ਵਲੋਂ ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰ :-

(i) ਪੰਜ ਮੈਂਬਰ ਜੋ ਕਿ ਦਿਵਿਆਂਗਤਾ ਅਤੇ ਪੁਨਰ ਵਸੇਬਾ ਖੇਤਰ ਵਿਚ ਮਾਹਿਰ ਹੋਣ;

(ii) ਪੰਜ ਮੈਂਬਰ ਰਾਜ ਸਰਕਾਰ ਵਲੋਂ ਵਾਰੀ ਮੁਤਾਬਿਕ ਜ਼ਿਲ੍ਹਿਆਂ ਦੀ ਪ੍ਰਤੀਨਿਧਤਾ ਲਈ ਅਜਿਹੇ ਢੰਗ ਨਾਲ ਨਾਮਜ਼ਦ ਕੀਤੇ ਜਾਣਗੇ ਜੋ ਕਿ ਨਿਰਧਾਰਿਤ ਕੀਤਾ ਗਿਆ ਹੋਵੇ;

ਪਰ ਸ਼ਰਤ ਇਹ ਹੈ ਕਿ ਇਸ ਉਪ-ਧਾਰਾ ਅਧੀਨ ਕੋਈ ਵੀ ਨਾਮਜ਼ਦਗੀ ਸਬੰਧਿਤ ਜ਼ਿਲ੍ਹਾ ਪ੍ਰਸ਼ਾਸਨ ਦੀ ਸਿਫਾਰਸ਼ ਤੋਂ ਬਿਨਾਂ ਨਹੀਂ ਕੀਤੀ ਜਾਵੇਗੀ;

(iii) ਦਸ ਵਿਅਕਤੀ ਜਿਥੋਂ ਤਕ ਅਮਲਯੋਗ ਹੋ ਸਕੇ, ਦਿਵਿਆਂਗਤਾ ਵਾਲੇ ਹੋਣ ਜੋ ਕਿ ਦਿਵਿਆਂਗਤਾ ਨਾਲ ਸਬੰਧਿਤ ਗੈਰ-ਸਰਕਾਰੀ ਸੰਗਠਨਾਂ ਜਾਂ ਸਭਾਵਾਂ ਦੀ ਪ੍ਰਤੀਨਿਧਤਾ ਕਰਨਗੇ;

ਪਰ ਸ਼ਰਤ ਇਹ ਹੈ ਕਿ ਇਸ ਉਪ-ਧਾਰਾ ਅਧੀਨ ਨਾਮਜ਼ਦ ਕੀਤੇ ਦਸ ਵਿਅਕਤੀਆਂ ਵਿਚ ਘਟੋ ਘੱਟ ਪੰਜ ਔਰਤਾਂ ਹੋਣਗੀਆਂ ਅਤੇ ਇਕ-ਇਕ ਵਿਅਕਤੀ ਅਨੁਸੂਚਿਤ ਜਾਤੀ ਅਤੇ

ਅਨੁਸੂਚਿਤ ਕਬੀਲਿਆਂ ਵਿਚੋਂ ਲਿਆ ਜਾਵੇਗਾ;
(iv) ਰਾਜ ਵਪਾਰ ਜਾਂ ਉਦਯੋਗ ਚੈਂਬਰ ਦੇ ਤਿੰਨ ਤੋਂ ਵਧੇਰੇ ਪ੍ਰਤੀਨਿਧ ਨਹੀਂ ਲਏ ਜਾ ਸਕਦੇ;
(ਕ) ਰਾਜ ਸਰਕਾਰ ਵਿਚ ਦਿਵਿਆਂਗਤਾ ਮਾਮਲਿਆਂ ਨਾਲ ਨਜਿੱਠਣ ਵਾਲੇ ਵਿਭਾਗ ਦਾ ਘਟੋ ਘੱਟ ਸੰਯੁਗਤ ਸਕੱਤਰ ਪੱਧਰ ਦਾ ਅਧਿਕਾਰੀ ਪਦਵੀ ਕਾਰਣ ਮੈਂਬਰ-ਸਕੱਤਰ।

ਮੈਂਬਰਾਂ ਦੀ ਸਰਵਿਸ ਦੀਆਂ ਸ਼ਰਤਾਂ

67. ਇਸ ਐਕਟ ਅਧੀਨ ਦਰਸਾਏ ਗਏ ਅਨੁਸਾਰ ਸੈਕਸ਼ਨ 66 ਦੇ ਸਬ ਸ਼ੈਕਸ਼ਨ (2) ਦੀ ਖੰਡ (ਹ) ਅਧੀਨ ਰਾਜ ਸਲਾਹਕਾਰ ਬੋਰਡ ਦਾ ਨਾਮਜ਼ਦ ਵਿਅਕਤੀ ਉਸ ਦੀ ਨਾਮਜ਼ਦਗੀ ਦੀ ਮਿਤੀ ਤੋਂ ਤਿੰਨ ਸਾਲ ਤੱਕ ਆਪਣੇ ਅਹੁਦੇ ਤੇ ਰਹੇਗਾ:

ਪਰ ਸ਼ਰਤ ਇਹ ਹੈ ਕਿ ਅਜਿਹਾ ਮੈਂਬਰ ਆਪਣੀ ਮਿਆਦ ਦੀ ਸਮਾਪਤੀ ਤੋਂ ਬਾਅਦ ਵੀ ਉਦੋਂ ਤਕ ਆਪਣੇ ਅਹੁਦੇ ਤੇ ਬਣਿਆ ਰਹੇਗਾ ਜਦੋਂ ਤਕ ਕਿ ਉਸ ਦਾ ਉਤਰਾਅਧਿਕਾਰੀ ਅਹੁਦਾ ਨਹੀਂ ਸੰਭਾਲ ਲੈਂਦਾ।

(2) ਰਾਜ ਸਰਕਾਰ ਜੇਕਰ ਉਚਿਤ ਸਮਝੇ ਤਾਂ ਉਹ ਸੈਕਸ਼ਨ 66 ਦੇ ਉਪ ਸੈਕਸ਼ਨ '2' ਦੀ ਖੰਡ (ਹ) ਅਧੀਨ ਨਾਮਜ਼ਦ ਕਿਸੇ ਮੈਂਬਰ ਨੂੰ ਉਸ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਹੀ ਕਾਰਨ ਦਸੋ ਨੋਟਿਸ ਜਾਰੀ ਕਰਕੇ ਸਮੇਂ ਤੋਂ ਪਹਿਲਾਂ ਹਟਾ ਸਕਦੀ ਹੈ।

(3) ਸੈਕਸ਼ਨ 66 ਦੇ ਸਬ ਸੈਕਸ਼ਨ (2) ਦੀ ਖੰਡ (ਹ) ਅਧੀਨ ਨਾਮਜ਼ਦ ਕੋਈ ਵੀ ਮੈਂਬਰ ਰਾਜ ਸਰਕਾਰ ਨੂੰ ਸੰਬੋਧਿਤ ਕੀਤੇ ਆਪਣੇ ਹੱਥ ਲਿਖਤ ਪੱਤਰ ਰਾਹੀਂ ਕਿਸੇ ਸਮੇਂ ਵੀ ਅਸਤੀਫਾ ਦੇ ਸਕਦਾ ਹੈ ਅਤੇ ਇਸ ਉਪਰੰਤ ਉਸ ਮੈਂਬਰ ਦੀ ਸੀਟ ਖਾਲੀ ਹੋ ਜਾਵੇਗੀ।

(4) ਰਾਜ ਸਲਾਹਕਾਰ ਬੋਰਡ ਵਿਚਲੀ ਅਚਨਚੇਤ ਆਸਾਮੀ ਨੂੰ ਤਾਜ਼ਾ ਨਾਮਜ਼ਦਗੀ ਅਸਾਮੀ ਦੁਆਰਾ ਭਰਿਆ ਜਾਵੇਗਾ ਅਤੇ ਇਸ ਅਸਾਮੀ ਉਪਰ ਨਾਮਜ਼ਦ ਕੀਤਾ ਗਿਆ ਵਿਅਕਤੀ ਉਸ ਬਾਕੀ ਰਹਿੰਦੇ ਸਮੇਂ ਤੱਕ ਹੀ ਆਪਣੇ ਅਹੁਦੇ ਉਪਰ ਰਹੇਗਾ ਜਿੰਨਾ ਸਮਾਂ ਉਸ ਮੈਂਬਰ ਦਾ ਬਾਕੀ ਬਚਦਾ ਸੀ ਜਿਸ ਦੀ ਥਾਂ ਤੇ ਕਿ ਉਸ ਨੂੰ ਨਾਮਜ਼ਦ ਕੀਤਾ ਗਿਆ।

(5) ਸੈਕਸ਼ਨ 66 ਦੇ ਸਬ ਸੈਕਸ਼ਨ (2) ਦੀ ਉਪਧਾਰਾ (ਹ) ਦੇ ਉਪਧਾਰਾ (i) ਜਾਂ ਉਪਧਾਰਾ (iii) ਅਧੀਨ ਨਾਮਜ਼ਦ ਮੈਂਬਰ ਮੁੜ ਨਾਮਜ਼ਦਗੀ ਲਈ ਯੋਗ ਹੋਵੇਗਾ।

(6) ਸੈਕਸ਼ਨ 66 ਦੇ ਉਪਖੰਡ (2) ਦੀ ਧਾਰਾ 'ਹ' ਦੀ ਉਪਧਾਰਾ (i) ਅਤੇ ਉਪਧਾਰਾ (ii) ਅਧੀਨ ਨਾਮਜਦ ਮੈਂਬਰ ਅਜਿਹੇ ਭੱਤੇ ਪ੍ਰਾਪਤ ਕਰੇਗਾ ਜੋ ਕਿ ਰਾਜ ਸਰਕਾਰ ਵਲੋਂ ਨਿਰਧਾਰਿਤ ਕੀਤੇ ਗਏ ਹੋਣ।

ਅਯੋਗਤਾਵਾਂ

68.(1) ਕੋਈ ਵੀ ਅਜਿਹਾ ਵਿਅਕਤੀ ਰਾਜ ਸਲਾਹਕਾਰ ਬੋਰਡ ਦਾ ਮੈਂਬਰ ਨਹੀਂ ਹੋਵੇਗਾ ਜੋ ਕਿ-
(ੳ) ਦਿਵਾਲੀਆ ਐਲਾਨਿਆ ਗਿਆ ਹੈ ਜਾਂ ਕਿਸੇ ਸਮੇਂ ਦਿਵਾਲੀਆ ਐਲਾਨਿਆ ਗਿਆ ਹੋਵੇ ਜਾਂ ਉਸ ਨੇ ਕਰਜ਼ ਦੀ ਅਦਾਇਗੀ ਬੰਦ ਕੀਤੀ ਗਈ ਹੋਵੇ ਜਾਂ ਉਸ ਨੂੰ ਜੁਰਮਾਨਾ ਲਗਾਇਆ ਗਿਆ ਹੋਵੇ ਜਾਂ
(ਅ) ਤੰਦਰੁਸਤ ਦਿਮਾਗ ਦਾ ਨਾ ਹੋਵੇ ਅਤੇ ਸਮੱਰਥ ਅਦਾਲਤ ਵਲੋਂ ਅਜਿਹਾ ਘੋਸ਼ਿਤ ਕੀਤਾ ਗਿਆ ਹੋਵੇ, ਜਾਂ
(ੲ) ਕਿਸੇ ਜ਼ੁਰਮ ਅਧੀਨ ਸਜ਼ਾ ਦਿਤੀ ਗਈ ਹੈ ਜਾਂ ਦਿਤੀ ਗਈ ਹੋਵੇ ਜੋ ਕਿ ਰਾਜ ਸਰਕਾਰ ਦੇ ਰਾਏ ਅਨੁਸਾਰ ਸਦਾਚਾਰਕ, ਵਿਭਚਾਰ ਦਾ ਮਾਮਲਾ ਹੋਵੇ, ਜਾਂ
(ਸ) ਇਸ ਐਕਟ ਅਧੀਨ ਕਿਸੇ ਸਮੇਂ ਸਜ਼ਾ ਦਿਤੀ ਗਈ ਹੈ ਹੈ ਜਾਂ ਦਿਤੀ ਗਈ ਹੋਵੇ, ਜਾਂ
(ਹ) ਰਾਜ ਸਰਕਾਰ ਦੀ ਰਾਏ ਅਨੁਸਾਰ ਉਸ ਨੇ ਆਪਣੇ ਅਹੁਦੇ ਦੀ ਮੈਂਬਰ ਵਜੋਂ ਦੁਰਵਰਤੋਂ ਕੀਤੀ ਹੋਵੇ ਜਿਸ ਕਾਰਨ ਰਾਜ ਸਲਾਹਕਾਰ ਬੋਰਡ ਵਿਚ ਉਸ ਦੀ ਨਿਰੰਤਰਤਾ ਆਮ ਜਨਤਾ ਦੇ ਹਿਤਾਂ ਲਈ ਨੁਕਸਾਨਦਾਇਕ ਹੋਵੇ।

(2) ਰਾਜ ਸਰਕਾਰ ਦੁਆਰਾ ਇਸ ਸੈਕਸ਼ਨ ਅਧੀਨ ਉਦੋਂ ਤਕ ਕੋਈ ਬਰਖਾਸਤਖੀ ਦਾ ਹੁਕਮ ਨਹੀਂ ਕੀਤਾ ਜਾਵੇਗਾ ਜਦੋਂ ਤਕ ਕਿ ਸਬੰਧਿਤ ਮੈਂਬਰ ਨੂੰ ਕਾਰਨ ਦਸੋ ਨੋਟਿਸ ਦਾ ਉਚਿਤ ਮੌਕਾ ਨਾ ਦਿਤਾ ਗਿਆ ਹੋਵੇ।

(3) ਸੈਕਸ਼ਨ 67 ਦੇ ਸਬ ਸੈਕਸ਼ਨ (1) ਜਾਂ ਸਬ ਸੈਕਸ਼ਨ (5) ਵਿਚ ਸ਼ਾਮਿਲ ਕਿਸੇ ਗੱਲ ਦੇ ਬਾਵਜੂਦ ਕੋਈ ਮੈਂਬਰ ਜਿਸ ਨੂੰ ਇਸ ਸੈਕਸ਼ਨ ਅਧੀਨ ਹਟਾਇਆ ਗਿਆ ਹੈ, ਉਹ ਮੇਂਬਰ ਵਜੋਂ ਮੁੜ

| | |
|---|---|
| ਨਾਮਜ਼ਦਗੀ ਦੇ ਯੋਗ ਨਹੀਂ ਹੋਵੇਗਾ। | |
| 69. ਜੇਕਰ ਰਾਜ ਸਲਾਹਕਾਰ ਬੋਰਡ ਦਾ ਕੋਈ ਮੈਂਬਰ ਸੈਕਸ਼ਨ 68 ਵਿਚ ਵਰਣਿਤ ਅਯੋਗਤਾਵਾਂ ਵਿਚੋਂ ਕਿਸੇ ਦਾ ਵੀ ਭਾਗੀ ਹੋਵੇ ਤਾਂ ਉਸ ਦੀ ਸੀਟ ਖਾਲੀ ਹੋ ਜਾਵੇਗੀ। | ਸੀਟਾਂ ਦਾ ਖਾਲੀ ਹੋਣਾ |
| 70. ਰਾਜ ਸਲਾਹਕਾਰ ਬੋਰਡ ਦੀ ਦੋ ਮਹੀਨਿਆਂ ਵਿਚ ਘਟੋ ਘੱਟ ਇਕ ਮੀਟਿੰਗ ਜ਼ਰੂਰ ਹੋਵੇਗੀ ਅਤੇ ਉਹ ਰਾਜ ਸਰਕਾਰ ਵਲੋਂ ਨਿਰਧਾਰਿਤ ਕੀਤੇ ਅਨੁਸਾਰ ਇਸ ਦੀਆਂ ਮੀਟਿੰਗਾਂ ਵਿਚ ਕਾਰੋਬਾਰ ਦੇ ਲੈਣ ਦੇਣ ਸਬੰਧੀ ਨਿਯਮਾਂ ਜਾਂ ਪ੍ਰਕਿਰਿਆ ਦਾ ਮੁਲਾਂਕਣ ਕਰੇਗਾ। | ਦਿਵਿਆਂਗਤਾ 'ਤੇ ਰਾਜ ਸਲਾਹਕਾਰ ਬੋਰਡ ਦੀਆਂ ਮੀਟਿੰਗਾ |
| 71. (1) ਇਸ ਐਕਟ ਦੇ ਉਪਬੰਧਾਂ ਮੁਤਾਬਕ ਰਾਜ ਸਲਾਹਕਾਰ ਬੋਰਡ ਦਿਵਿਆਂਗਤਾ ਮਾਮਲਿਆਂ ਸਬੰਧੀ ਰਾਜ ਪੱਧਰੀ ਸਲਾਹਕਾਰ ਸੰਸਥਾ ਹੋਵੇਗੀ ਅਤੇ ਦਿਵਿਆਂਗ ਵਿਅਕਤੀਆਂ ਦੇ ਸਸ਼ਕਤੀਕਰਨ ਅਤੇ ਉਹਨਾਂ ਦੁਆਰਾ ਅਧਿਕਾਰਾਂ ਦਾ ਮੁਕੰਮਲ ਆਨੰਦ ਮਾਣਨ ਲਈ ਵਿਸਤ੍ਰਿਤ ਨੀਤੀਆਂ ਦਾ ਨਿਰੰਤਰ ਰੂਪ ਵਿਚ ਮੁਲਾਂਕਣ ਕੀਤਾ ਜਾਵੇਗਾ।<br>(2) ਵਿਸ਼ੇਸ਼ ਰੂਪ ਵਿਚ ਅਤੇ ਪੂਰਵ ਵਰਣਿਤ ਉਪਬੰਧਾਂ ਦੀ ਸਾਧਾਰਣਤਾ ਦੇ ਬਿਨਾਂ ਪੱਖ ਪਾਤ ਤੋਂ ਰਾਜ ਸਲਾਹਕਾਰ ਬੋਰਡ ਦਿਵਿਆਂਗਤਾ ਮਾਮਲਿਆਂ ਸਬੰਧੀ ਨਿਮਨ ਕਾਰਜ ਕਰੇਗਾ, ਅਰਥਾਤ:-<br>(ੳ) ਦਿਵਿਆਂਗਤਾ ਨਾਲ ਸਬੰਧਿਤ ਨੀਤੀਆਂ ਪ੍ਰੋਗਰਾਮਾਂ ਵਿਧਾਨਕਾਰੀ ਅਤੇ ਪ੍ਰਾਜੈਕਟਾਂ ਦੇ ਸਬੰਧ ਵਿਚ ਰਾਜ ਸਰਕਾਰ ਨੂੰ ਸਲਾਹ ਦੇਣਾ;<br>(ਅ) ਦਿਵਿਆਂਗ ਵਿਅਕਤੀ ਨਾਲ ਸਬੰਧਿਤ ਮੁੱਦਿਆਂ ਦੇ ਨਿਪਟਾਰੇ ਲਈ ਰਾਜਨੀਤੀ ਵਿਕਸਿਤ ਕਰਨਾ;<br>(ੲ) ਰਾਜ ਵਿਚ ਦਿਵਿਆਂਗ ਵਿਅਕਤੀਆਂ ਦੇ ਮਾਮਲਿਆਂ ਨਾਲ ਸਬੰਧਿਤ ਰਾਜ ਸਰਕਾਰ ਦੇ ਦੂਸਰੇ ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ ਦੀਆਂ ਗਤੀਵਿਧੀਆਂ ਦਾ ਮੁਲਾਂਕਣ ਕਰਨਾ ਤੇ ਤਾਲਮੇਲ ਰੱਖਣਾ;<br>(ਸ) ਰਾਜ ਦੀਆਂ ਯੋਜਨਾਵਾਂ ਵਿਚ ਦਿਵਿਆਂਗ ਵਿਅਕਤੀਆਂ ਨੂੰ ਸਕੀਮਾਂ ਅਤੇ ਪ੍ਰਾਜੈਕਟਾਂ ਦਾ ਲਾਭ ਮੁਹੱਈਆ ਕਰਵਾਉਣ ਦੇ ਮੱਦੇਨਜ਼ਰ ਉਨ੍ਹਾਂ ਦੇ ਕੰਮਾਂ ਨੂੰ ਸਬੰਧਿਤ ਅਧਿਕਾਰੀਆਂ ਅਤੇ ਅੰਤਰਰਾਸ਼ਟਰੀ ਸੰਗਠਨਾਂ ਕੋਲ ਪਹੁੰਚਾਉਣਾ;<br>(ਹ) ਦਿਵਿਆਂਗ ਵਿਅਕਤੀਆਂ ਲਈ ਸੁਖਾਲੀ ਪਹੁੰਚ, ਉਚਿਤ ਰਿਹਾਇਸ਼ ਅਤੇ ਗੈਰ ਪੱਖਪਾਤ ਨੂੰ ਯਕੀਨੀ ਬਣਾਉਣ ਲਈ ਕਦਮ ਚੁੱਕਣ ਵਾਸਤੇ ਸਿਫਾਰਸ਼ ਕਰਨਾ ਅਤੇ ਸਮਾਜਿਕ ਜੀਵਨ ਵਿਚ ਦੂਜਿਆਂ ਨਾਲ ਬਰਾਬਰੀ ਦੇ ਆਧਾਰ ਤੇ ਉਨ੍ਹਾਂ ਦੀ ਸ਼ਮੂਲੀਅਤ ਲਈ ਮਾਹੌਲ ਪੈਦਾ ਕਰਨਾ;<br>(ਕ) ਦਿਵਿਆਂਗ ਵਿਅਕਤੀਆਂ ਦੀ ਮੁਕੰਮਲ ਸ਼ਮੂਲੀਅਤ ਦੀ ਪ੍ਰਾਪਤੀ ਲਈ ਵਿਉਂਤੇ ਗਏ ਕਾਨੂੰਨਾਂ, ਨੀਤੀਆਂ ਅਤੇ ਪ੍ਰੋਗਰਾਮਾਂ ਦਾ ਨਿਯੰਤਰਣ ਅਤੇ ਮੁਲਾਂਕਣ ਕਰਨਾ; ਅਤੇ<br>(ਖ) ਅਜਿਹੇ ਹੋਰ ਕਾਰਜ ਜਿਹੜੇ ਕਿ ਰਾਜ ਸਰਕਾਰ ਵਲੋਂ ਸਮੇਂ ਸਮੇਂ ਤੇ ਸੌਂਪੇ ਗਏ ਹੋਣ। | ਦਿਵਿਆਂਗਤਾ 'ਤੇ ਰਾਜ ਸਲਾਹਕਾਰ ਬੋਰਡ ਦੇ ਕਾਰਜ |
| 72. ਰਾਜ ਸਰਕਾਰ ਦਿਵਿਆਂਗਤਾ ਨਾਲ ਸਬੰਧਿਤ ਅਜਿਹੇ ਕਾਰਜਾਂ ਦੇ ਨਿਭਾਓ ਲਈ ਜੋ ਕਿ ਇਸ ਵਲੋਂ ਨਿਰਧਾਰਿਤ ਕੀਤੇ ਗਏ ਹੋਣ, ਇਕ ਜ਼ਿਲ੍ਹਾ ਪੱਧਰੀ ਕਮੇਟੀ ਦਾ ਗਠਨ ਕਰੇਗੀ | ਦਿਵਿਆਂਗਤਾ 'ਤੇ ਜ਼ਿਲ੍ਹਾ ਪੱਧਰੀ ਕਮੇਟੀ |
| 73. ਦਿਵਿਆਂਗਤਾ ਨਾਲ ਸਬੰਧਿਤ ਕੇਂਦਰੀ ਸਲਾਹਕਾਰ ਬੋਰਡ, ਰਾਜ ਸਲਾਹਕਾਰ ਬੋਰਡ ਜਾਂ ਜ਼ਿਲ੍ਹਾ ਪੱਧਰੀ ਕਮੇਟੀ ਦੇ ਕਿਸੇ ਕਾਰਜ ਜਾਂ ਪ੍ਰਕ੍ਰਿਆ ਤੇ ਕੇਵਲ ਕਿਸੇ ਆਸਾਮੀ ਤੇ ਮੌਜੂਦ ਹੋਣ ਦੇ ਆਧਾਰ ਤੇ ਜਾਂ ਅਜਿਹੇ ਬੋਰਡ ਜਾਂ ਕਮੇਟੀ ਦੇ ਗਠਨ ਵਿਚ ਕੋਈ ਨੁਕਸ ਹੋਵੇ, ਜਿਵੇਂ ਵੀ ਕੇਸ ਹੋਵੇ, ਵਿਚ ਕੋਈ ਕਿੰਤੂ ਪ੍ਰੰਤੂ ਨਹੀਂ ਕੀਤਾ ਜਾਵੇਗਾ। | ਅਸਾਮੀਆਂ ਕਾਰਨ ਕਿਸੇ ਪ੍ਰਕਿਆ ਨੂੰ ਅਵੈਧ ਨਹੀਂ ਕੀਤਾ ਜਾ ਸਕਦਾ |

## ਅਧਿਆਇ – XII

## ਦਿਵਿਆਂਗ ਵਿਅਕਤੀਆਂ ਨਾਲ ਸਬੰਧਿਤ ਮੁੱਖ ਕਮਿਸ਼ਨਰ ਅਤੇ ਰਾਜ ਕਮਿਸ਼ਨਰ

**ਮੁੱਖ ਕਮਿਸ਼ਨਰ ਅਤੇ ਕਮਿਸ਼ਨਰਾਂ ਦੀ ਨਿਯੁਕਤੀ**

74(1) ਕੇਂਦਰ ਸਰਕਾਰ ਅਧਿਸੂਚਨਾ ਰਾਹੀਂ ਇਸ ਐਕਟ ਦੇ ਉਦੇਸ਼ਾਂ ਲਈ ਦਿਵਿਆਂਗ ਵਿਅਕਤੀਆਂ ਨਾਲ ਸਬੰਧਿਤ ਇਕ ਮੁਖ ਕਮਿਸ਼ਨਰ (ਇਸ ਵਿਚ ਇਸ ਤੋਂ ਬਾਅਦ ਮੁੱਖ ਕਮਿਸ਼ਨਰ ਕਿਹਾ ਗਿਆ ਹੈ) ਨਿਯੁਕਤ ਕਰ ਸਕਦੀ ਹੈ।

(2) ਕੇਂਦਰੀ ਸਰਕਾਰ ਅਧਿਸੂਚਨਾ ਰਾਹੀਂ ਮੁੱਖ ਕਮਿਸ਼ਨਰ ਦੀ ਸਹਾਇਤਾ ਲਈ ਦੋ ਕਮਿਸ਼ਨਰ ਨਿਯੁਕਤ ਕਰ ਸਕਦੀ ਹੈ ਜਿੰਨਾਂ ਵਿਚੋਂ ਇਕ ਕਮਿਸ਼ਨਰ ਦਿਵਿਆਂਗ ਵਿਅਕਤੀਆਂ ਨਾਲ ਸਬੰਧਿਤ ਹੋਵੇਗਾ।

(3) ਕੋਈ ਵੀ ਵਿਅਕਤੀ ਮੁੱਖ ਕਮਿਸ਼ਨਰ ਜਾਂ ਕਮਿਸ਼ਨਰ ਦੀ ਨਿਯੁਕਤੀ ਲਈ ਯੋਗ ਨਹੀਂ ਹੋਵੇਗਾ ਜੇਕਰ ਉਸ ਕੋਲ ਪੁਨਰ-ਵਸੇਬੇ ਦੇ ਮਾਮਲਿਆਂ ਨਾਲ ਸਬੰਧਿਤ ਵਿਸ਼ੇਸ਼ ਜਾਣਕਾਰੀ ਜਾਂ ਵਿਵਹਾਰਿਕ ਤਜ਼ਰਬਾ ਨਹੀਂ ਹੋਵੇਗਾ।

(4) ਮੁੱਖ ਕਮਿਸ਼ਨਰ ਅਤੇ ਕਮਿਸ਼ਨਰਾਂ ਨੂੰ ਅਦਾਇਗੀਯੋਗ ਤਨਖਾਹ ਅਤੇ ਭੱਤੇ ਅਤੇ ਸੇਵਾ ਦੀਆਂ ਦੂਸਰੀਆਂ ਸ਼ਰਤਾਂ ਅਤੇ ਨਿਯਮ (ਪੈਨਸ਼ਨ, ਗ੍ਰੈਜੁਇਟੀ ਅਤੇ ਦੂਸਰੇ ਰਿਟਾਇਰਮੈਂਟ ਲਾਭਾਂ ਸਮੇਤ) ਅਜਿਹੇ ਹੋਣਗੇ ਜੋ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਜਾਣਗੇ।

(5) ਕੇਂਦਰ ਸਰਕਾਰ ਕਮਿਸ਼ਨਰ ਨੂੰ ਉਸ ਦੇ ਕੰਮਾਂ ਦੇ ਨਿਭਾਓ ਵਿਚ ਸਹਾਇਤਾ ਲਈ ਲੋੜੀਂਦੇ ਅਫਸਰਾਂ ਅਤੇ ਦੂਸਰੇ ਕਰਮਚਾਰੀਆਂ ਦੀ ਕਿਸਮ ਅਤੇ ਸ਼੍ਰੇਣੀ ਨਿਰਧਾਰਿਤ ਕਰੇਗੀ ਅਤੇ ਮੁੱਖ ਕਮਿਸ਼ਨਰ ਨੂੰ ਅਜਿਹੇ ਅਫ਼ਸਰ ਅਤੇ ਕਰਮਚਾਰੀ ਮੁਹੱਈਆ ਕਰਵਾਏਗੀ, ਜਿਸ ਨੂੰ ਇਹ ਉਚਿਤ ਸਮਝੇ।

(6) ਮੁੱਖ ਕਮਿਸ਼ਨਰ ਨੂੰ ਮੁਹੱਈਆ ਕਰਵਾਏ ਗਏ ਅਫ਼ਸਰ ਅਤੇ ਕਰਮਚਾਰੀ ਮੁੱਖ ਕਮਿਸ਼ਨਰ ਦੀ ਆਮ ਨਿਗਰਾਨੀ ਅਤੇ ਨਿਯੰਤ੍ਰਣ ਅਧੀਨ ਆਪਣੇ ਕਾਰਜ ਕਰਨਗੇ।

(7) ਅਫ਼ਸਰਾਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਸਮੇਤ ਸੇਵਾ ਦੀਆਂ ਦੂਸਰੀਆਂ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਿਤ ਕੀਤੀਆਂ ਗਈਆਂ ਹੋਣ।

(8) ਮੁੱਖ ਕਮਿਸ਼ਨਰ ਦੀ ਸਹਾਇਤਾ ਲਈ ਇਕ ਸਲਾਹਕਾਰ ਕਮੇਟੀ ਹੋਵੇਗੀ ਜਿਸ ਵਿਚ ਵੱਖ ਵੱਖ ਦਿਵਿਆਂਗਤਾਵਾਂ ਦੇ ਮਾਹਿਰਾਂ ਵਿਚੋਂ ਵਧ ਤੋਂ ਵਧ ਗਿਆਰਾਂ ਮੈਂਬਰਾਂ ਨੂੰ ਅਜਿਹੇ ਢੰਗ ਨਾਲ ਸ਼ਾਮਲ ਕੀਤਾ ਜਾਵੇਗਾ ਜੋ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਿਤ ਕੀਤਾ ਗਿਆ ਹੋਵੇ।

**ਮੁੱਖ ਕਮਿਸ਼ਨਰ ਦੇ ਕਾਰਜ**

75. (1) ਮੁੱਖ ਕਮਿਸ਼ਨਰ ਨਿਮਨ ਕਾਰਜ ਕਰੇਗਾ :-

(ੳ) ਕਿਸੇ ਕਾਨੂੰਨ ਜਾਂ ਨੀਤੀ, ਪ੍ਰੋਗਰਾਮ ਅਤੇ ਪ੍ਰਕ੍ਰਿਆ ਦੇ ਅਜਿਹੇ ਉਪਬੰਧਾਂ ਦੀ ਸ਼ਨਾਖਤ ਕਰੇਗਾ ਜੋ ਕਿ ਐਕਟ ਦੇ ਅਨੁਕੂਲ ਹੋਣ ਅਤੇ ਲੋੜੀਂਦੇ ਸੁਧਾਰਕ ਉਪਾਆਂ ਦੀ ਸਿਫਾਰਸ਼ ਕਰਦੇ ਹੋਣ;

(ਅ) ਦਿਵਿਆਂਗ ਵਿਅਕਤੀਆਂ ਨਾਲ ਸਬੰਧਿਤ ਅਧਿਕਾਰਾਂ ਦੀ ਵੰਚਨਾ ਸਬੰਧੀ ਤਫਤੀਸ਼ ਕਰੇਗਾ ਅਤੇ ਉਨ੍ਹਾਂ ਮਾਮਲਿਆਂ ਨਾਲ ਸਬੰਧਿਤ ਸੁਰੱਖਿਅਤ ਵਿਧੀਆਂ ਪੈਦਾ ਕਰੇਗਾ ਜਿੰਨਾਂ ਲਈ ਕਿ ਕੇਂਦਰ ਸਰਕਾਰ ਇਕ ਉਚਿਤ ਸਰਕਾਰ ਹੈ ਅਤੇ ਸੁਧਾਰਕ ਕਾਰਵਾਈ ਲਈ ਮਾਮਲੇ ਨੂੰ ਉਚਿਤ ਅਧਿਕਾਰੀਆਂ ਕੋਲ ਉਠਾਏਗਾ;

(ੲ) ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਇਕ ਐਕਟ ਅਧੀਨ ਜਾਂ ਕਿਸੇ ਹੋਰ ਕਾਨੂੰਨ ਅਧੀਨ ਜਾਂ ਕੁਝ ਸਮੇਂ ਲਈ ਲਾਗੂ ਕਾਨੂੰਨ ਦੇ ਸੁਰੱਖਿਅਤਾਵਾਂ ਦਾ ਮੁਲਾਂਕਣ ਕਰੇਗਾ ਅਤੇ ਇਨ੍ਹਾਂ ਦੇ ਪ੍ਰਭਾਵਕਾਰੀ ਅਮਲ ਲਈ ਉਪਾਵਾਂ ਦੀ ਸਿਫਾਰਿਸ਼ ਕਰੇਗਾ;

(ਸ) ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਦੇ ਨੂੰ ਮਾਨਣ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਮੁਲਾਂਕਣ ਕਰੇਗਾ ਅਤੇ ਉਚਿਤ ਸੁਧਾਰਕ ਉਪਾਵਾਂ ਦੀ ਸਿਫਾਰਸ਼ ਕਰੇਗਾ;

(ਹ) ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਨਾਲ ਸਬੰਧਿਤ ਸੰਧੀਆਂ ਅਤੇ ਦੂਸਰੇ ਅੰਤਰਰਾਸ਼ਟਰੀ ਸਾਧਨਾਂ ਦਾ ਅਧਿਐਨ ਕਰੇਗਾ ਅਤੇ ਉਨ੍ਹਾਂ ਦੇ ਪ੍ਰਭਾਵਕਾਰੀ ਅਮਲ ਲਈ ਸਿਫਾਰਸ਼ ਕਰੇਗਾ;

(ਕ) ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਨਾਲ ਸੰਬੰਧਿਤ ਖੇਤਰ ਵਿਚ ਖੋਜ ਨੂੰ ਸ਼ੁਰੂ ਅਤੇ ਉੱਨਤ ਕਰੇਗਾ;

(ਖ) ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਸਬੰਧੀ ਜਾਗਰੂਕਤਾ ਪੈਦਾ ਕਰੇਗਾ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਉਪਲੱਬਧ ਸੁਰੱਖਿਅਤ ਉਪਾਅ ਸੁਝਾਏਗਾ;

(ਗ) ਦਿਵਿਆਂਗ ਵਿਅਕਤੀਆਂ ਨਾਲ ਸਬੰਧਿਤ ਇਸ ਐਕਟ ਅਤੇ ਸਕੀਮਾਂ, ਪ੍ਰੋਗਰਾਮਾਂ ਆਦਿ ਦੇ ਉਪਬੰਧਾਂ ਦੇ ਅਮਲ ਦਾ ਨਿਯੰਤ੍ਰਣ ਕਰੇਗਾ;

(ਘ) ਦਿਵਿਆਂਗ ਵਿਅਕਤੀਆਂ ਦੇ ਲਾਭ ਲਈ ਕੇਂਦਰ ਸਰਕਾਰ ਵਲੋਂ ਜਾਰੀ ਫੰਡਾਂ ਦੀ ਵਰਤੋਂ ਦਾ ਨਿਯੰਤ੍ਰਣ ਕਰੇਗਾ; ਅਤੇ

(ਙ) ਅਜਿਹੇ ਹੋਰ ਕਾਰਜ ਨਿਭਾਉਣੇ ਜੋ ਕਿ ਕੇਂਦਰ ਸਰਕਾਰ ਵਲੋਂ ਸੌਂਪੇ ਗਏ ਹੋਣ।

(2) ਮੁੱਖ ਕਮਿਸ਼ਨਰ ਇਸ ਐਕਟ ਅਧੀਨ ਆਪਣੇ ਕਾਰਜਾਂ ਦੇ ਨਿਭਾਉ ਲਈ ਕਿਸੇ ਵੀ ਮਾਮਲੇ ਸਬੰਧੀ ਕਮਿਸ਼ਨਰਾਂ ਨਾਲ ਸਲਾਹ ਕਰੇਗਾ।

---

ਮੁੱਖ ਕਮਿਸ਼ਨਰ ਦੀ ਸਿਫਾਰਸ਼ 'ਤੇ ਉਚਿਤ ਅਥਾਰਟੀਆਂ ਦੀ ਕਾਰਵਾਈ

76. ਜਦੋਂ ਮੁੱਖ ਕਮਿਸ਼ਨਰ ਸੈਕਸ਼ਨ 75 ਦੇ ਖੰਡ (ਅ) ਦੇ ਅਨੁਸਰਣ ਵਿਚ ਕਿਸੇ ਅਧਿਕਾਰੀ ਨੂੰ ਕੋਈ ਸਿਫਾਰਸ਼ ਕਰਦਾ ਹੈ ਤਾਂ ਉਹ ਅਧਿਕਾਰੀ ਇਸ ਉਪਰ ਲੋੜੀਂਦੀ ਕਾਰਵਾਈ ਕਰੇਗਾ ਅਤੇ ਸਿਫਾਰਿਸ਼ ਪ੍ਰਾਪਤ ਹੋਣ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਕੀਤੀ ਕਾਰਵਾਈ ਸਬੰਧੀ ਕਮਿਸ਼ਨਰ ਨੂੰ ਸੂਚਿਤ ਕਰੇਗਾ:

ਪ੍ਰੰਤੂ ਸ਼ਰਤ ਇਹ ਹੈ ਕਿ ਜਿਥੇ ਕੋਈ ਅਧਿਕਾਰੀ ਕਿਸੇ ਸਿਫਾਰਸ਼ ਨੂੰ ਪ੍ਰਵਾਨ ਨਹੀਂ ਕਰਦਾ ਤਾਂ ਉਹ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਅਪ੍ਰਵਾਨਗੀ ਦੇ ਕਾਰਨਾਂ ਸਬੰਧੀ ਮੁੱਖ ਕਮਿਸ਼ਨਰ ਨੂੰ ਸੂਚਿਤ ਕਰੇਗਾ ਅਤੇ ਪੀੜਤ ਵਿਅਕਤੀ ਨੂੰ ਵੀ ਜਾਣਕਾਰੀ ਦੇਵੇਗਾ।

---

ਮੁੱਖ ਕਮਿਸ਼ਨਰ ਦੇ ਅਧਿਕਾਰ

1908 ਦਾ 5 77. (1) ਨਿਮਨ ਮਾਮਲਿਆਂ ਦੇ ਸਬੰਧੀ ਮੁਕੱਦਮੇ ਦੀ ਸੁਣਵਾਈ ਕਰਦਿਆਂ ਇਸ ਐਕਟ ਅਧੀਨ ਮੁੱਖ ਕਮਿਸ਼ਨਰ ਨੂੰ ਆਪਣੇ ਕਾਰਜਾਂ ਦੇ ਨਿਭਾਓ ਦੇ ਸਬੰਧ ਵਿਚ ਸਿਵਲ ਅਦਾਲਤ ਵਾਲੇ ਉਹੀ ਅਧਿਕਾਰ ਹੋਣਗੇ ਜੋ ਕਿ ਕੋਡ ਆਫ ਸਿਵਲ ਪ੍ਰੋਸੀਜ਼ਰ, 1908 ਦੇ ਅਧੀਨ ਕਿਸੇ ਅਦਾਲਤ ਕੋਲ ਹੁੰਦੇ ਹਨ; ਅਰਥਾਤ :-

(ੳ) ਸੰਮਨ ਭੇਜਣੇ ਅਤੇ ਗਵਾਹਾਂ ਦੀ ਹਾਜ਼ਰੀ ਨੂੰ ਯਕੀਨੀ ਬਣਾਉਣਾ;

(ਅ) ਕਿਸੇ ਦਸਤਾਵੇਜ਼ ਦੀ ਖੋਜ ਅਤੇ ਪੇਸ਼ ਕਰਨਾ;

(ੲ) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕਿਸੇ ਸਰਕਾਰੀ ਰਿਕਾਰਡ ਜਾਂ ਉਸ ਦੀ ਕਾਪੀ ਵਗੈਰਾ ਪ੍ਰਾਪਤ ਕਰਨ ਸਬੰਧੀ ਮੁੜ ਜਵਾਬ ਮੰਗਣਾ;

(ਸ) ਹਲਫੀਆ ਬਿਆਨ ਉਪਰ ਸਬੂਤ ਮੰਗਣਾ; ਅਤੇ

(ਹ) ਗਵਾਹਾਂ ਦਾ ਦਸਤਾਵੇਜ਼ਾਂ ਦੀ ਪਰਖ ਲਈ ਕਮਿਸ਼ਨ ਜਾਰੀ ਕਰਨਾ।

1860 ਦਾ 45 (2) ਭਾਰਤੀ ਦੰਡ ਸੰਘਤਾ ਦੇ ਸੈਕਸ਼ਨ 193 ਅਤੇ 228 ਦੇ ਅਰਥਾਂ ਵਿਚ ਮੁਖ ਕਮਿਸ਼ਨਰ ਦੇ ਸਾਹਮਣੇ ਹੋਈ ਕੋਈ ਵੀ ਕਾਰਜ-ਵਿਧੀ ਨਿਆਂਇਕ ਕਾਰਜ ਵਿਧੀ ਹੋਵੇਗੀ ਅਤੇ ਮੁੱਖ ਕਮਿਸ਼ਨਰ
1974 ਦਾ 2 ਨੂੰ ਕੋਡ ਆਫ ਕਰੀਮੀਨਲ ਪ੍ਰਸੀਜਰ 1973 ਦੇ ਅਧਿਆਇ XXVI ਅਤੇ ਸੈਕਸ਼ਨ 195 ਦੇ ਉਦੇਸ਼ਾਂ ਲਈ ਸਿਵਲ ਅਦਾਲਤ ਮੰਨੀ ਜਾਵੇਗੀ।

---

ਮੁੱਖ ਕਮਿਸ਼ਨਰ ਵਲੋਂ ਸਾਲਾਨਾ ਅਤੇ ਵਿਸ਼ੇਸ਼ ਰਿਪੋਰਟਾਂ

78. (1) ਮੁਖ ਕਮਿਸ਼ਨਰ ਕੇਂਦਰ ਸਰਕਾਰ ਨੂੰ ਇਕ ਸਾਲਾਨਾ ਰਿਪੋਰਟ ਪੇਸ਼ ਕਰੇਗਾ ਅਤੇ ਕਿਸੇ ਵੀ ਮਾਮਲੇ ਉਪਰ ਕਿਸੇ ਵੀ ਸਮੇਂ ਵਿਸ਼ੇਸ਼ ਰਿਪੋਰਟ ਪੇਸ਼ ਕਰ ਸਕਦਾ ਹੈ ਜੋ ਉਸ ਦੀ ਰਾਇ ਮੁਤਾਬਿਕ ਅਜਿਹੀ ਜ਼ਰੂਰੀ ਜਾਂ ਮਹੱਤਵਪੂਰਨ ਹੋਵੇ ਕਿ ਜਿਸ ਨੂੰ ਸਾਲਾਨਾ ਰਿਪੋਰਟ ਦੇ ਪੇਸ਼ ਕਰਨ ਤਕ ਰੋਕਿਆ ਨਾ ਜਾ ਸਕਦਾ ਹੋਵੇ।

(2) ਕੇਂਦਰੀ ਸਰਕਾਰ ਮੁੱਖ ਕਮਿਸ਼ਨਰ ਦੀਆਂ ਸਾਲਾਨਾ ਅਤੇ ਵਿਸ਼ੇਸ਼ ਰਿਪੋਰਟਾਂ ਨੂੰ ਕੀਤੀ ਗਈ

ਕਾਰਵਾਈ ਸਮੇਤ ਜਾਂ ਤਜ਼ਵੀਜ਼ਤ ਸਿਫਾਰਸ਼ਾਂ ਸਮੇਤ ਅਤੇ ਕਿਸੇ ਸਿਫਾਰਸ਼ ਨੂੰ ਨਾ ਪ੍ਰਵਾਨ ਸਬੰਧੀ ਕਾਰਨਾਂ ਨੂੰ ਦਸਦੇ ਹੋਏ ਜੇਕਰ ਕੋਈ ਹੋਣ, ਪਾਰਲੀਮੈਂਟ ਦੇ ਹਰੇਕ ਸਦਨ ਅੱਗੇ ਪੇਸ਼ ਕਰੇਗੀ।

(3) ਸਾਲਾਨਾ ਅਤੇ ਵਿਸ਼ੇਸ਼ ਰਿਪੋਰਟਾਂ ਨੂੰ ਅਜਿਹੇ ਫਾਰਮ ਅਤੇ ਢੰਗ ਨਾਲ ਤਿਆਰ ਕੀਤਾ ਜਾਵੇਗਾ ਅਤੇ ਅਜਿਹੇ ਵੇਰਵੇ ਇਸ ਵਿਚ ਸ਼ਾਮਿਲ ਕੀਤੇ ਜਾਣਗੇ ਜੋ ਕਿ ਕੇਂਦਰੀ ਸਰਕਾਰ ਵਲੋਂ ਨਿਰਧਾਰਿਤ ਕੀਤੇ ਗਏ ਹਨ।

ਰਾਜਾਂ ਵਿਚ ਰਾਜ ਕਮਿਸ਼ਨਰਾਂ ਦੀ ਨਿਯੁਕਤੀ

79. (1) ਰਾਜ ਸਰਕਾਰ ਅਧਿਸੂਚਨਾ ਰਾਹੀਂ ਇਸ ਐਕਟ ਦੇ ਉਦੇਸ਼ਾਂ ਲਈ ਦਿਵਿਆਂਗ ਵਿਅਕਤੀਆਂ ਵਾਸਤੇ ਇਕ ਰਾਜ ਕਮਿਸ਼ਨਰ (ਜਿਸ ਨੂੰ ਇਸ ਵਿਚ ਇਸ ਤੋਂ ਬਾਅਦ ਰਾਜ ਕਮਿਸ਼ਨਰ ਕਿਹਾ ਗਿਆ ਹੈ) ਨਿਯੁਕਤ ਕਰ ਸਕਦੀ ਹੈ।

(2) ਕੋਈ ਵੀ ਵਿਅਕਤੀ ਰਾਜ ਕਮਿਸ਼ਨਰ ਦੀ ਨਿਯੁਕਤੀ ਲਈ ਯੋਗ ਨਹੀਂ ਹੋਵੇਗਾ ਜੇਕਰ ਉਸ ਕੋਲ ਪੁਨਰਵਸੇਬਾ ਮਾਮਲਿਆਂ ਦੇ ਸਬੰਧ ਵਿਚ ਵਿਸ਼ੇਸ਼ ਜਾਣਕਾਰੀ ਜਾਂ ਵਿਵਹਾਰਿਕ ਤਜਰਬਾ ਨਹੀਂ ਹੋਵੇਗਾ।

(3) ਰਾਜ ਕਮਿਸ਼ਨਰ ਨੂੰ ਅਦਾਇਗੀਯੋਗ ਤਨਖਾਹ ਭੱਤੇ ਅਤੇ ਸੇਵਾ ਦੇ ਦੂਸਰੇ ਨਿਯਮ ਅਤੇ ਸ਼ਰਤਾਂ (ਪੈਨਸ਼ਨ, ਗ੍ਰੈਜੂਏਟੀ ਅਤੇ ਦੂਸਰੇ ਰਿਟਾਇਰਮੈਂਟ ਲਾਭਾਂ ਸਮੇਤ) ਅਜਿਹੀਆਂ ਹੋਣਗੀਆਂ ਜੋ ਕਿ ਰਾਜ ਸਰਕਾਰ ਦੁਆਰਾ ਨਿਰਧਾਰਿਤ ਕੀਤੀਆਂ ਗਈਆਂ ਹੋਣ।

(4) ਰਾਜ ਸਰਕਾਰ ਰਾਜ ਕਮਿਸ਼ਨਰ ਨੂੰ ਉਸ ਦੇ ਕਾਰਜਾਂ ਦੇ ਨਿਭਾਅ ਲਈ ਸਹਾਇਤਾ ਵਾਸਤੇ ਲੋੜੀਂਦੇ ਦੂਸਰੇ ਕਰਮਚਾਰੀਆਂ ਅਤੇ ਅਫਸਰਾਂ ਦੀ ਕਿਸਮ ਅਤੇ ਸ਼੍ਰੇਣੀ ਨਿਰਧਾਰਿਤ ਕਰੇਗੀ ਅਤੇ ਰਾਜ ਕਮਿਸ਼ਨ ਨੂੰ ਅਜਿਹੇ ਅਫਸਰ ਅਤੇ ਦੂਸਰੇ ਕਰਮਚਾਰੀ ਮੁਹੱਈਆ ਕਰਵਾਏਗੀ ਜੋ ਕਿ ਇਹ ਉਚਿਤ ਸਮਝਦੀ ਹੋਵੇ।

(5) ਰਾਜ ਕਮਿਸ਼ਨਰ ਨੂੰ ਮੁਹਈਆ ਕਰਵਾਏ ਗਏ ਅਫਸਰ ਅਤੇ ਕਰਮਚਾਰੀ ਉਸ ਦੀ ਆਮ ਨਿਗਰਾਨੀ ਅਤੇ ਨਿਯੰਤਰਣ ਅਧੀਨ ਆਪਣੇ ਕਾਰਜ ਨਿਭਾਉਣਗੇ।

(6) ਅਫਸਰਾਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ, ਭੱਤੇ ਅਤੇ ਸੇਵਾ ਦੀਆਂ ਦੂਸਰੀਆਂ ਸ਼ਰਤਾਂ ਅਜਿਹੀਆਂ ਹੋਣਗੀਆਂ ਜਿਹੜੀਆਂ ਕਿ ਰਾਜ ਸਰਕਾਰ ਦੁਆਰਾ ਨਿਰਧਾਰਿਤ ਕੀਤੀਆਂ ਗਈਆਂ ਹੋਣ।

(7) ਰਾਜ ਕਮਿਸ਼ਨਰ ਦੀ ਸਹਾਇਤਾ ਲਈ ਦਿਵਿਆਂਗਤਾ ਖੇਤਰ ਵਿਚੋਂ ਮਾਹਰ ਵਧ ਤੋਂ ਵਧ ਪੰਜ ਵਿਅਕਤੀਆਂ ਵਾਲੀ ਸਲਾਹਕਾਰ ਕਮੇਟੀ ਹੋਵੇਗੀ ਜੋ ਕਿ ਰਾਜ ਸਰਕਾਰ ਦੁਆਰਾ ਨਿਰਧਾਰਿਤ ਢੰਗ ਨਾਲ ਗਠਿਤ ਕੀਤੀ ਗਈ ਹੋਵੇ।

ਰਾਜ ਕਮਿਸ਼ਨਰ ਦੇ ਕਾਰਜ

80. ਰਾਜ ਕਮਿਸ਼ਨਰ ਨਿਮਨ ਲਿਖਤ ਕਾਰਜ ਕਰੇਗਾ :-

(ੳ) ਅਜਿਹੇ ਕਾਨੂੰਨ ਜਾਂ ਨੀਤੀ, ਪ੍ਰੋਗਰਾਮ ਅਤੇ ਪ੍ਰਕ੍ਰਿਆਵਾਂ ਦੀ ਸ਼ਨਾਖਤ ਕਰੇਗਾ ਜੋ ਕਿ ਇਸ ਐਕਟ ਦੇ ਅਨੁਕੂਲ ਹਨ ਅਤੇ ਲੋੜੀਂਦੇ ਸੁਧਾਰਕ ਉਪਾਵਾਂ ਦੀ ਸਿਫਾਰਸ਼ ਵੀ ਕਰੇਗਾ;

(ਅ) ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਦੀ ਵੰਚਨਾ ਜਾਂ ਹੋਰਵੇਂ ਤੱਥਾਂ ਸਬੰਧੀ ਤਫ਼ਤੀਸ਼ ਕਰੇਗਾ ਅਤੇ ਉਨ੍ਹਾਂ ਲਈ ਲੋੜੀਂਦੇ ਸੁਰੱਖਿਆ ਉਪਾਵਾਂ ਬਾਰੇ ਸੁਝਾਅ ਦੇਵੇਗਾ ਅਤੇ ਸੁਧਾਰਕ ਕਾਰਵਾਈ ਲਈ ਉਚਿਤ ਅਧਿਕਾਰੀ ਕੋਲ ਮਾਮਲੇ ਨੂੰ ਪੇਸ਼ ਕਰੇਗਾ;

(ੲ) ਇਸ ਐਕਟ ਦੁਆਰਾ ਜਾਂ ਨਿਰਧਾਰਿਤ ਸਮੇਂ ਲਈ ਲਾਗੂ ਕਿਸੇ ਹੋਰ ਕਾਨੂੰਨ ਦੁਆਰਾ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਇਨ੍ਹਾਂ ਦੇ ਪ੍ਰਭਾਵਕਾਰੀ ਅਮਲ ਲਈ ਸੁਝਾਅ ਦੇਵੇਗਾ;

(ਸ) ਉਨ੍ਹਾਂ ਤੱਥਾਂ ਦਾ ਮੁਲਾਂਕਣ ਕਰੇਗਾ ਜੋ ਕਿ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਦੇ ਨੂੰ ਮਾਨਣ ਵਿਚ ਨਿਹਿਤ ਹਨ, ਅਤੇ ਉਚਿਤ ਸੁਧਾਰਕ ਉਪਾਅ ਸਿਫਾਰਸ਼ ਕਰੇਗਾ;

(ਹ) ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਦੇ ਸਬੰਧ ਵਿਚ ਖੋਜ ਕਰਕੇ ਹੋਰ ਵਧੇਰੇ ਪ੍ਰਗਤੀ ਲਿਆਵੇਗਾ;

(ਕ) ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਸਬੰਧੀ ਜਾਗਰੂਕਤਾ ਪੈਦਾ ਕਰੇਗਾ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਉਪਲਬਧ ਸੁਰੱਖਿਆ ਉਪਾਵਾਂ ਬਾਰੇ ਜਾਗਰੂਕ ਕਰੇਗਾ;

(ਖ) ਇਸ ਐਕਟ ਦੇ ਉਪਬੰਧਾਂ, ਸਕੀਮਾਂ ਅਤੇ ਪ੍ਰੋਗਰਾਮਾਂ ਜੋ ਕਿ ਦਿਵਿਆਂਗ ਵਿਅਕਤੀਆਂ ਲਈ ਬਣਾਏ ਗਏ ਹਨ, ਦੇ ਅਮਲ ਸਬੰਧੀ ਨਿਯੰਤ੍ਰਣ ਕਰੇਗਾ;

(ਗ) ਰਾਜ ਸਰਕਾਰ ਦੁਆਰਾ ਦਿਵਿਆਂਗ ਵਿਅਕਤੀਆਂ ਦੇ ਲਾਭਾਂ ਲਈ ਜਾਰੀ ਫੰਡਾਂ ਦੀ ਵਰਤੋਂ ਨੂੰ ਨਿਯੰਤ੍ਰਣ ਕਰੇਗਾ; ਅਤੇ

(ਘ) ਅਜਿਹੇ ਹੋਰ ਕਾਰਜ ਕਰੇਗਾ ਜੋ ਕਿ ਰਾਜ ਸਰਕਾਰ ਵਲੋਂ ਸੌਂਪੇ ਗਏ ਹੋਣ।

---

**ਰਾਜ ਕਮਿਸ਼ਨਰ ਦੀ ਸਿਫਾਰਸ਼ ਉੱਤੇ ਉਚਿਤ ਅਥਾਰਟੀਆਂ ਵਲੋਂ ਕਾਰਵਾਈ**

81. ਜਦੋਂ ਰਾਜ ਕਮਿਸ਼ਨਰ ਕਿਸੇ ਅਧਿਕਾਰੀ ਨੂੰ ਸੈਕਸ਼ਨ 80 ਦੇ ਖੰਡ (ਅ) ਦੇ ਅਨੁਸਰਣ ਵਿਚ ਸਿਫਾਰਸ਼ ਕਰਦਾ ਹੈ ਤਾਂ ਉਹ ਅਧਿਕਾਰੀ ਇਸ ਸਬੰਧ ਵਿਚ ਜ਼ਰੂਰੀ ਕਾਰਵਾਈ ਕਰੇਗਾ ਅਤੇ ਰਾਜ ਕਮਿਸ਼ਨਰ ਨੂੰ ਇਸ ਸਿਫਾਰਸ਼ ਦੇ ਪ੍ਰਾਪਤ ਹੋਣ ਤੋਂ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕਰੇਗਾ:

ਪਰ ਸ਼ਰਤ ਇਹ ਹੈ ਕਿ ਜਿਥੇ ਕੋਈ ਅਧਿਕਾਰੀ ਕਿਸੇ ਸਿਫਾਰਸ਼ ਨੂੰ ਪ੍ਰਵਾਨ ਨਹੀਂ ਕਰਦਾ ਤਾਂ ਉਹ ਰਾਜ ਕਮਿਸ਼ਨਰ ਨੂੰ ਅਪ੍ਰਵਾਨਗੀ ਦੇ ਕਾਰਨਾਂ ਸਬੰਧੀ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਸੂਚਿਤ ਕਰੇਗਾ ਅਤੇ ਪੀੜਤ ਵਿਅਕਤੀ ਨੂੰ ਵੀ ਸੂਚਨਾ ਦੇਵੇਗਾ।

---

**ਰਾਜ ਕਮਿਸ਼ਨਰ ਦੇ ਅਧਿਕਾਰ**

82. (1) ਰਾਜ ਕਮਿਸ਼ਨਰ ਨੂੰ ਇਸ ਐਕਟ ਅਧੀਨ ਕਾਰਜਾਂ ਦੇ ਨਿਭਾਅ ਦੇ ਉਦੇਸ਼ ਲਈ ਸਿਵਲ ਅਦਾਲਤਾਂ ਵਾਲੇ ਹੀ ਅਧਿਕਾਰ ਹਨ ਜੋ ਕਿ ਕੋਡ ਆਫ ਸਿਵਲ ਪ੍ਰਸੀਜ਼ਰ 1908 ਅਧੀਨ ਕਿਸੇ
1908 ਦਾ 5 ਅਦਾਲਤ ਕੋਲ ਹੁੰਦੇ ਹਨ, ਅਰਥਾਤ :-

(ੳ) ਗਵਾਹਾਂ ਨੂੰ ਸੰਮਨ ਭੇਜਣਾ ਅਤੇ ਹਾਜ਼ਰੀ ਯਕੀਨੀ ਬਣਾਉਣਾ;

(ਅ) ਕਿਸੇ ਦਸਤਾਵੇਜ਼ ਦੀ ਖੋਜ ਅਤੇ ਪੂਰਤੀ ਨੂੰ ਜ਼ਰੂਰੀ ਬਣਾਉਣਾ;

(ੲ) ਕਿਸੇ ਅਦਾਲਤ ਜਾਂ ਦਫਤਰ ਤੋਂ ਕਿਸੇ ਜਨਤਕ ਰਿਕਾਰਡ ਜਾਂ ਉਸ ਦੀ ਕਾਪੀ ਦੀ ਮੰਗ ਕਰਨਾ;

(ਸ) ਹਲਫੀਆ ਬਿਆਨ ਉਪਰ ਸਬੂਤ ਪ੍ਰਾਪਤ ਕਰਨਾ ; ਅਤੇ

(ਹ) ਗਵਾਹਾਂ ਜਾਂ ਦਸਤਾਵੇਜ਼ਾਂ ਦੀ ਜਾਂਚ ਲਈ ਕਮਿਸ਼ਨ ਜਾਰੀ ਕਰਨੇ।

1860 ਦਾ 45 (2) ਭਾਰਤੀ ਦੰਡ ਸੰਘਤਾ ਸੈਕਸ਼ਨ 193 ਤੋਂ 228 ਦੇ ਅਰਥਾਂ ਵਿਚ ਰਾਜ ਕਮਿਸ਼ਨਰ ਦੇ ਸਾਹਮਣੇ ਕੀਤੀ ਹਰ ਇਕ ਕਾਰਵਾਈ ਨਿਆਂਇਕ ਹੋਵੇਗੀ ਅਤੇ ਕੋਡ ਆਫ ਕ੍ਰਿਮੀਨਲ ਪ੍ਰਸੀਜ਼ਰ ਦੇ
1974 ਦਾ 2 ਅਧਿਆਇ XXVI ਅਤੇ ਸੈਕਸ਼ਨ 195 ਦੇ ਉਦੇਸ਼ਾਂ ਲਈ ਸਿਵਲ ਅਦਾਲਤ ਮੰਨੀ ਜਾਵੇਗੀ।

---

**ਰਾਜ ਕਮਿਸ਼ਨਰ ਵਲੋਂ ਸਾਲਾਨਾ ਵਿਸ਼ੇਸ਼ ਰਿਪੋਰਟਾਂ**

83. (1) ਰਾਜ ਕਮਿਸ਼ਨਰ ਰਾਜ ਸਰਕਾਰ ਨੂੰ ਇਕ ਸਾਲਾਨਾ ਰਿਪੋਰਟ ਪੇਸ਼ ਕਰੇਗਾ ਅਤੇ ਕਿਸੇ ਮਾਮਲੇ ਉਤੇ ਕਿਸੇ ਸਮੇਂ ਵੀ ਵਿਸ਼ੇਸ਼ ਰਿਪੋਰਟ ਪੇਸ਼ ਕਰ ਸਕਦਾ ਹੈ ਜੋ ਕਿ ਉਸ ਦੀ ਆਪਣੀ ਰਾਇ ਮੁਤਾਬਿਕ ਜ਼ਰੂਰੀ ਜਾਂ ਅਜਿਹੇ ਮਹੱਤਵ ਵਾਲੀ ਹੋਵੇ ਜਿਸ ਨੂੰ ਸਾਲਾਨਾ ਰਿਪੋਰਟ ਪੇਸ਼ ਕਰਨ ਤੱਕ ਰੋਕਿਆ ਨਾ ਜਾ ਸਕਦਾ ਹੋਵੇ।

(2) ਰਾਜ ਸਰਕਾਰ ਰਾਜ ਕਮਿਸ਼ਨਰ ਵਲੋਂ ਦਿਵਿਆਂਗ ਵਿਅਕਤੀਆਂ ਦੇ ਸਬੰਧ ਵਿਚ ਪੇਸ਼ ਕੀਤੀਆਂ ਸਾਲਾਨਾ ਅਤੇ ਵਿਸ਼ੇਸ਼ ਰਿਪੋਰਟਾਂ ਨੂੰ ਵਿਧਾਨ ਸਭਾ ਦੇ ਹਰੇਕ ਸਦਨ ਅਗੇ ਪੇਸ਼ ਕਰੇਗੀ ਜਿਥੇ ਇਸ ਦੇ ਦੋ ਸਦਨ ਹੋਣ ਜਾਂ ਜਿਥੇ ਇਕ ਸਦਨ ਹੋਵੇ ਇਨ੍ਹਾਂ ਰਿਪੋਰਟਾਂ ਦੇ ਨਾਲ ਰਾਜ ਕਮਿਸ਼ਨਰ ਵਲੋਂ ਕੀਤੀਆਂ ਸਿਫਾਰਸ਼ਾਂ ਸਬੰਧੀ ਕੀਤੀ ਕਾਰਵਾਈ ਅਤੇ ਸਿਫਾਰਸ਼ ਦੀ ਅਪ੍ਰਵਾਨਗੀ ਸਬੰਧੀ ਜ਼ਿਕਰ ਕਰਦੇ ਹੋਏ ਜੇਕਰ ਕੋਈ ਹੋਣ, ਪੇਸ਼ ਕਰੇਗੀ।

(3) ਸਾਲਾਨਾ ਅਤੇ ਵਿਸ਼ੇਸ਼ ਰਿਪੋਰਟਾਂ ਨੂੰ ਅਜਿਹੇ ਫਾਰਮ ਅਤੇ ਢੰਗ ਨਾਲ ਤਿਆਰ ਕੀਤਾ ਜਾਵੇਗਾ ਅਤੇ ਇਸ ਵਿਚ ਅਜਿਹੇ ਵੇਰਵੇ ਸ਼ਾਮਿਲ ਹੋਣਗੇ ਜੋ ਕਿ ਰਾਜ ਸਰਕਾਰ ਵਲੋਂ ਨਿਰਧਾਰਤ ਕੀਤੇ ਗਏ ਹੋਣ।

## ਅਧਿਆਇ – XIII
## ਵਿਸ਼ੇਸ਼ ਅਦਾਲਤ

ਵਿਸ਼ੇਸ਼ ਅਦਾਲਤ

84. ਮੁੱਕਦਮਿਆਂ ਦੀ ਤੇਜ ਸੁਣਵਾਈ ਮੁਹੱਈਆ ਕਰਵਾਉਣ ਦੇ ਉਦੇਸ਼ ਲਈ ਰਾਜ ਸਰਕਾਰ ਹਾਈ ਕੋਰਟ ਦੇ ਮੁਖ ਜੱਜ ਦੀ ਸਹਿਮਤੀ ਨਾਲ ਅਧਿਸੂਚਨਾ ਦੁਆਰਾ ਹਰੇਕ ਜ਼ਿਲ੍ਹੇ ਲਈ ਇਕ ਸੈਸ਼ਨ ਕੋਰਟ ਨੂੰ ਇਸ ਐਕਟ ਅਧੀਨ ਜੁਰਮਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤ ਦਾ ਦਰਜਾ ਦੇ ਸਕਦੀ ਹੈ।

ਵਿਸ਼ੇਸ਼ ਸਰਕਾਰੀ ਵਕੀਲ

85. (1) ਹਰੇਕ ਵਿਸ਼ੇਸ਼ ਅਦਾਲਤ ਲਈ ਰਾਜ ਸਰਕਾਰ ਅਧਿਸੂਚਨਾ ਦੁਆਰਾ ਸਰਕਾਰੀ ਵਕੀਲ ਜਾਂ ਐਡਵੋਕੇਟ ਨਿਰਧਾਰਿਤ ਕਰ ਸਕਦੀ ਹੈ ਜੋ ਕਿ ਘੱਟੋ ਘੱਟ ਸੱਤ ਸਾਲ ਐਡਵੋਕੇਟ ਵਜੋਂ ਤਜਰਬਾ ਰੱਖਦਾ ਹੋਵੇ।

(2) ਸਬ-ਸੈਕਸ਼ਨ 1 ਅਧੀਨ ਨਿਯੁਕਤ ਵਿਸ਼ੇਸ਼ ਸਰਕਾਰੀ ਵਕੀਲ ਅਜਿਹੀਆਂ ਫੀਸਾਂ ਜਾਂ ਸੇਵਾਫਲ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ ਜੋ ਕਿ ਰਾਜ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਗਏ ਹੋਣ।

## ਅਧਿਆਇ – XIV
## ਦਿਵਿਆਂਗ ਵਿਅਕਤੀਆਂ ਲਈ ਕੌਮੀ ਫੰਡ

ਦਿਵਿਆਂਗ ਵਿਅਕਤੀਆਂ ਲਈ ਕੌਮੀ ਫੰਡ

86. (1) ਦਿਵਿਆਂਗ ਵਿਅਕਤੀਆਂ ਲਈ ਨੈਸ਼ਨਲ ਫੰਡ ਨਾਂ ਦਾ ਇਕ ਫੰਡ ਕਾਇਮ ਕੀਤਾ ਜਾਵੇਗਾ ਅਤੇ ਇਸ ਵਿਚ ਨਿਮਨ ਰਕਮਾਂ ਜਮ੍ਹਾਂ ਕਰਵਾਈਆਂ ਜਾਣਗੀਆਂ-

(ੳ) ਅਧਿਸੂਚਨਾ ਨੰ. ਐਸ.ਓ. 573 (ਈ) ਮਿਤੀ 11 ਅਗਸਤ 1983 ਦੁਆਰਾ ਗਠਿਤ ਦਿਵਿਆਂਗ ਵਿਅਕਤੀਆਂ ਲਈ ਫੰਡ ਮੱਦ ਅਧੀਨ ਉਪਲਬਧ ਸਾਰੀਆਂ ਰਕਮਾਂ ਅਤੇ ਚੈਰੀਟੇਬਲ ਐਂਡੋਮੈਂਟ ਐਕਟ 1890 ਅਧੀਨ ਅਧਿਸੂਚਨਾ ਨੰ. 30-03/2004-ਡੀ-ਡੀ II ਮਿਤੀ 21 ਨਵੰਬਰ 2006 ਦੁਆਰਾ ਗਠਿਤ ਦਿਵਿਆਂਗ ਵਿਅਕਤੀਆਂ ਦੇ ਸਸ਼ਕਤੀਕਰਨ ਲਈ ਟ੍ਰਸਟ ਫੰਡ ਉਪਲਬਧ 1890 ਦਾ 6
ਕਰਵਾਉਣੇ;

(ਅ) 2000 ਦੀ ਸਿਵਲ ਅਪੀਲ ਨੰ. 5218 ਅਤੇ 4655 ਵਿਚ ਮਾਣਯੋਗ ਸੁਪਰੀਮ ਕੋਰਟ ਵਲੋਂ ਮਿਤੀ 16 ਅਪ੍ਰੈਲ, 2004 ਨੂੰ ਦਿਤੇ ਫੈਸਲੇ ਦੇ ਅਨੁਸਰਣ ਵਿਚ ਬੈਂਕਾਂ, ਨਿਗਮਾਂ ਅਤੇ ਵਿੱਤੀ ਸੰਸਥਾਵਾਂ ਵਲੋਂ ਅਦਾਇਗੀਯੋਗ ਸਾਰੀਆਂ ਰਕਮਾਂ।

(ੲ) ਗ੍ਰਾਂਟਾਂ, ਤੋਹਫਿਆਂ, ਦਾਨ, ਭਲਾਈ ਜਾਂ ਤਬਦੀਲੀਆਂ ਆਦਿ ਰਾਹੀਂ ਪ੍ਰਾਪਤ ਸਾਰੀਆਂ ਰਕਮਾਂ;

(ਸ) ਗ੍ਰਾਂਟ-ਇਨ-ਏਡ ਕੇਂਦਰੀ ਸਰਕਾਰ ਵਲੋਂ ਪ੍ਰਾਪਤ ਸਾਰੀਆਂ ਰਕਮਾਂ;

(ਹ) ਅਜਿਹੇ ਸ੍ਰੋਤਾਂ ਤੋਂ ਪ੍ਰਾਪਤ ਸਾਰੀਆਂ ਰਕਮਾਂ ਜੋ ਕਿ ਕੇਂਦਰੀ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਹੋਣ।

(2) ਦਿਵਿਆਂਗ ਵਿਅਕਤੀਆਂ ਲਈ ਫੰਡ ਦੀ ਵਰਤੋਂ ਅਜਿਹੇ ਢੰਗ ਨਾਲ ਕੀਤੀ ਜਾਵੇਗੀ ਜੋ ਕਿ ਨਿਰਧਾਰਿਤ ਕੀਤੀ ਗਈ ਹੋਵੇ।

ਲੇਖੇ ਅਤੇ ਆਡਿਟ

87. (1) ਕੇਂਦਰੀ ਸਰਕਾਰ ਆਮਦਨ ਅਤੇ ਖਰਚ ਦਾ ਉਚਿਤ ਲੇਖਾ ਅਤੇ ਸਬੰਧਿਤ ਰਿਕਾਰਡ ਤਿਆਰ ਕਰੇਗੀ ਅਤੇ ਲੇਖਿਆਂ ਦੀ ਸਾਲਾਨਾ ਸਟੇਟਮੈਂਟ ਅਜਿਹੇ ਢੰਗ ਨਾਲ ਤਿਆਰ ਕਰੇਗੀ ਜੋ ਕਿ ਭਾਰਤ ਦੇ ਮਹਾਂਲੇਖਾਕਾਰ ਨਾਲ ਸਲਾਹ-ਮਸ਼ਵਰੇ ਦੁਆਰਾ ਨਿਰਧਾਰਿਤ ਕੀਤੀ ਗਈ ਹੋਵੇ।

(2) ਫੰਡ ਸਬੰਧੀ ਲੇਖਿਆਂ ਦਾ ਨਿਰੀਖਣ ਮਹਾਂਲੇਖਾਕਾਰ ਵਲੋਂ ਨਿਰਧਾਰਿਤ ਅੰਤਰਾਲਾਂ ਤੇ ਉਸ ਦੁਆਰਾ ਨਿਰਧਾਰਿਤ ਕੀਤੇ ਅਨੁਸਾਰ ਕੀਤਾ ਜਾਵੇਗਾ ਅਤੇ ਅਜਿਹੇ ਆਡਿਟ ਦੇ ਸਬੰਧ ਵਿਚ ਉਸ ਵਲੋਂ ਕੀਤਾ ਗਿਆ ਕੋਈ ਖਰਚ ਫੰਡ ਵਿਚੋਂ ਮਹਾਂਲੇਖਾਕਾਰ ਨੂੰ ਅਦਾਇਗੀਯੋਗ ਹੋਵੇਗਾ।

(3) ਭਾਰਤ ਦਾ ਮਹਾਂਲੇਖਾਕਾਰ ਜਾਂ ਉਸ ਵਲੋਂ ਇਸ ਸਬੰਧ ਵਿਚ ਨਿਯੁਕਤ ਕੋਈ ਵਿਅਕਤੀ ਫੰਡ ਸਬੰਧੀ ਲੇਖਿਆਂ ਦੀ ਆਡਿਟ ਕਰੇਗਾ ਅਤੇ ਉਸ ਨੂੰ ਅਜਿਹੇ ਆਡਿਟ ਦੇ ਸਬੰਧ ਵਿਚ ਉਹੀ ਅਧਿਕਾਰ ਪ੍ਰਾਪਤ ਹੋਣਗੇ ਜੋ ਕਿ ਭਾਰਤ ਦੇ ਮਹਾਂਲੇਖਾਕਾਰ ਨੂੰ ਸਰਕਾਰੀ ਲੇਖਿਆਂ ਦੇ ਸਬੰਧ ਵਿਚ ਪ੍ਰਾਪਤ ਹੁੰਦੇ ਹਨ ਅਤੇ ਵਿਸ਼ੇਸ਼ ਰੂਪ ਵਿਚ ਉਸ ਨੂੰ ਲੇਖਾ ਵਹੀਆਂ, ਸਬੰਧਿਤ ਵਾਊਚਰ ਅਤੇ ਹੋਰ

ਦਸਤਾਵੇਜ਼ ਅਤੇ ਪੇਪਰ ਅਤੇ ਕਿਸੇ ਵੀ ਦਫਤਰ ਦੇ ਫੰਡ ਦੀ ਜਾਂਚ ਕਰਨ ਦਾ ਅਧਿਕਾਰ ਹੋਵੇਗਾ।

(4) ਮਹਾਂਲੇਖਾਕਾਰ ਜਾਂ ਉਸ ਵਲੋਂ ਇਸ ਸਬੰਧ ਵਿਚ ਨਿਯੁਕਤ ਕਿਸੇ ਵਿਅਕਤੀ ਵਲੋਂ ਪ੍ਰਮਾਣੀਕ੍ਰਿਤ ਲੇਖਾ ਅਤੇ ਆਡਿਟ ਰਿਪੋਰਟ ਕੇਂਦਰ ਸਰਕਾਰ ਦੁਆਰਾ ਪਾਰਲੀਮੈਂਟ ਦੇ ਹਰੇਕ ਸਦਨ ਅਗੇ ਪੇਸ਼ ਕੀਤੀ ਜਾਵੇਗੀ।

## ਅਧਿਆਇ – XV

## ਦਿਵਿਆਂਗ ਵਿਅਕਤੀਆਂ ਲਈ ਰਾਜ ਫੰਡ

ਦਿਵਿਆਂਗ ਵਿਅਕਤੀਆਂ ਲਈ ਰਾਜ ਫੰਡ

88. (1) ਰਾਜ ਸਰਕਾਰ ਵਲੋਂ ਅਜਿਹੇ ਢੰਗ ਨਾਲ ਜੋ ਕਿ ਰਾਜ ਸਰਕਾਰ ਵੱਲੋਂ ਨਿਰਧਾਰਤ ਕੀਤਾ ਗਿਆ ਹੋਵੇ, ਦਿਵਿਆਂਗ ਵਿਅਕਤੀਆਂ ਲਈ ਰਾਜ ਫੰਡ ਨਾਂ ਦੇ ਇਕ ਫੰਡ ਦੀ ਸਥਾਪਤੀ ਕੀਤੀ ਜਾਵੇਗੀ।

(2) ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਰਾਜ ਫੰਡ ਨੂੰ ਅਜਿਹੇ ਢੰਗ ਨਾਲ ਵਰਤਿਆ ਅਤੇ ਨਿਯੰਤ੍ਰਣ ਕੀਤਾ ਜਾਵੇਗਾ ਜੋ ਕਿ ਰਾਜ ਸਰਕਾਰ ਦੁਆਰਾ ਨਿਰਧਾਰਤ ਕੀਤਾ ਗਿਆ ਹੋਵੇ।

(3) ਹਰੇਕ ਰਾਜ ਸਰਕਾਰ ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਆਮਦਨ ਅਤੇ ਖਰਚ ਖਾਤਿਆਂ ਸਮੇਤ ਰਾਜ ਫੰਡ ਦਾ ਉਚਿਤ ਲੇਖਾ ਤੇ ਸਬੰਧਤ ਰਿਕਾਰਡਾਂ ਦੀ ਇਸ ਢੰਗ ਨਾਲ ਸਾਂਭ-ਸੰਭਾਲ ਕਰੇਗੀ ਜੋ ਕਿ ਰਾਜ ਸਰਕਾਰ ਦੁਆਰਾ ਮਹਾਂਲੇਖਾਕਾਰ ਨਾਲ ਸਲਾਹ ਮਸ਼ਵਰੇ ਦੁਆਰਾ ਨਿਰਧਾਰਤ ਕੀਤਾ ਗਿਆ ਹੋਵੇ।

(4) ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਰਾਜ ਫੰਡ ਦੇ ਲੇਖਿਆਂ ਨੂੰ ਮਹਾਂਲੇਖਾਕਾਰ ਵਲੋਂ ਅਜਿਹੇ ਅੰਤਰਾਲਾਂ ਦੇ ਆਡਿਟ ਕੀਤਾ ਜਾਵੇਗਾ ਜੋ ਕਿ ਉਸ ਵਲੋਂ ਨਿਰਧਾਰਤ ਕੀਤਾ ਗਿਆ ਹੋਵੇ ਅਤੇ ਉਸ ਵਲੋਂ ਅਜਿਹੀ ਆਡਿਟ ਦੇ ਸਬੰਧ ਵਿਚ ਕੀਤੇ ਖਰਚ ਦੀ ਅਦਾਇਗੀ ਰਾਜ ਫੰਡ ਵਿਚੋਂ ਅਦਾਇਗੀਯੋਗ ਹੋਵੇਗੀ।

(5) ਭਾਰਤ ਦਾ ਮਹਾਂਲੇਖਾਕਾਰ ਜਾਂ ਉਸ ਵਲੋਂ ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਰਾਜ ਫੰਡ ਦੀ ਆਡਿਟ ਦੇ ਸਬੰਧ ਵਿਚ ਨਿਯੁਕਤ ਕਿਸੇ ਵਿਅਕਤੀ ਨੂੰ ਉਹੀ ਅਧਿਕਾਰ, ਵਿਸ਼ੇਸ਼ ਸਹੂਲਤਾਂ ਅਤੇ ਅਥਾਰਿਟੀ ਹੋਵੇਗੀ ਜੋ ਕਿ ਮਹਾਂਲੇਖਾਕਾਰ ਨੂੰ ਆਮ ਤੌਰ ਤੇ ਸਰਕਾਰੀ ਖਾਤਿਆਂ ਦੀ ਆਡਿਟ ਦੇ ਸਬੰਧ ਵਿਚ ਪ੍ਰਾਪਤ ਹੁੰਦੀ ਹੈ ਅਤੇ ਵਿਸ਼ੇਸ਼ ਰੂਪ ਵਿਚ ਉਸ ਨੂੰ ਲੇਖਾ ਵਹੀਆਂ ਸਬੰਧਤ ਵਾਊਚਰ ਅਤੇ ਪੇਪਰ ਆਦਿ ਮੰਗਣ ਦਾ ਅਧਿਕਾਰ ਹੋਵੇਗਾ ਅਤੇ ਰਾਜ ਫੰਡ ਦੇ ਕਿਸੇ ਵੀ ਦਫਤਰ ਨੂੰ ਚੈੱਕ ਕਰਨ ਦਾ ਅਧਿਕਾਰ ਹੋਵੇਗਾ।

(6) ਦਿਵਿਆਂਗ ਵਿਅਕਤੀਆਂ ਨਾਲ ਸਬੰਧਤ ਰਾਜ ਫੰਡ ਦੇ ਲੇਖੇ ਜੋ ਕਿ ਮਹਾਂਲੇਖਾਕਾਰ ਵਲੋਂ ਪ੍ਰਮਾਣੀਕ੍ਰਿਤ ਹੋਣ ਜਾਂ ਉਸ ਵਲੋਂ ਨਿਯੁਕਤ ਕਿਸੇ ਵਿਅਕਤੀ ਦੁਆਰਾ ਹੋਣ, ਇਸ ਰਿਪੋਰਟ ਨੂੰ ਰਾਜ ਵਿਧਾਨ ਸਭਾ ਦੇ ਦੋਹਾਂ ਸਦਨਾਂ ਅੱਗੇ ਪੇਸ਼ ਕੀਤਾ ਜਾਵੇਗਾ, ਜਿਥੇ ਦੋਵੇਂ ਸਦਨ ਹੋਣ ਉਥੇ ਦੋਹਾਂ ਸਦਨਾਂ ਵਿਚ ਅਤੇ ਜਿਥੇ ਇਕ ਸਦਨ ਹੋਵੇ, ਉਥੇ ਇਕ ਸਦਨ ਵਿਚ ਪੇਸ਼ ਕੀਤਾ ਜਾਵੇਗਾ।

## ਅਧਿਆਇ – XVI

## ਜੁਰਮ ਅਤੇ ਦੰਡ

ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਨਿਯਮਾਂ ਜਾਂ ਵਿਨਿਯਮਾਂ ਦੀ ਉਲੰਘਣਾ ਲਈ ਸਜ਼ਾ

89. ਕੋਈ ਵੀ ਵਿਅਕਤੀ ਜੋ ਕਿ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਕਿਸੇ ਨਿਯਮ ਦੀ ਉਲੰਘਣਾ ਕਰਦਾ ਹੈ, ਉਸ ਨੂੰ ਪਹਿਲੀ ਉਲੰਘਣਾ ਲਈ ਜੁਰਮਾਨਾ ਕੀਤਾ ਜਾਵੇਗਾ ਜੋ ਕਿ ਦਸ ਹਜ਼ਾਰ ਰੁਪਏ ਤਕ ਵਧਾਇਆ ਜਾ ਸਕਦਾ ਹੈ ਅਤੇ ਬਾਅਦ ਦੀ ਕਿਸੇ ਵੀ ਉਲੰਘਣਾ ਲਈ ਘੱਟੋ ਘੱਟ ਜੁਰਮਾਨਾ 50 ਹਜ਼ਾਰ ਰੁਪਏ ਹੋਵੇਗਾ ਜੋ ਕਿ ਪੰਜ ਲੱਖ ਰੁਪਏ ਤੱਕ ਵਧਾਇਆ ਜਾ ਸਕਦਾ ਹੈ।

90. (1) ਜਿਥੇ ਇਸ ਐਕਟ ਅਧੀਨ ਕਿਸੇ ਕੰਪਨੀ ਵਲੋਂ ਜੁਰਮ ਕੀਤਾ ਜਾਂਦਾ ਹੈ ਉਥੇ ਹਰੇਕ ਵਿਅਕਤੀ ਜੋ ਕਿ ਜੁਰਮ ਕੀਤੇ ਜਾਣ ਸਮੇਂ ਇੰਚਾਰਜ ਸੀ ਅਤੇ ਕੰਪਨੀ ਦੇ ਕਾਰੋਬਾਰ ਲਈ ਜ਼ਿੰਮੇਵਾਰ ਸੀ, ਤਾਂ ਉਸ ਵਿਅਕਤੀ ਨੂੰ ਜੁਰਮ ਦਾ ਦੋਸ਼ੀ ਮੰਨਿਆ ਜਾਵੇਗਾ ਅਤੇ ਉਸ ਦੇ ਵਿਰੁੱਧ ਕਾਰਵਾਈ ਕੀਤੀ ਜਾਣ ਯੋਗ ਹੋਵੇਗੀ ਅਤੇ ਉਸ ਦੇ ਅਨੁਸਾਰ ਹੀ ਉਸ ਨੂੰ ਸਜ਼ਾ ਦਿੱਤੀ ਜਾਵੇਗੀ:

ਪਰ ਸ਼ਰਤ ਇਹ ਹੈ ਕਿ ਇਸ ਸਬ-ਸੈਕਸ਼ਨ ਵਿਚ ਸ਼ਾਮਿਲ ਕੁਝ ਵੀ ਕਿਸੇ ਵਿਅਕਤੀ ਨੂੰ ਇਸ ਐਕਟ ਵਿਚ ਦਰਸਾਏ ਅਨੁਸਾਰ ਸਜ਼ਾ ਦਾ ਦੋਸ਼ੀ ਨਹੀਂ ਠਹਿਰਾਏਗਾ ਜੇਕਰ ਉਹ ਇਹ ਸਾਬਤ ਕਰ ਦਿੰਦਾ ਹੈ ਕਿ ਇਹ ਜੁਰਮ ਉਸ ਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਹੈ ਜਾਂ ਉਸ ਨੇ ਅਜਿਹੀ ਗਲਤੀ ਨੂੰ ਰੋਕਣ ਲਈ ਆਪਣੀ ਪੂਰੀ ਵਾਹ ਲਾਈ ਸੀ।

(2) ਸਬ ਸੈਕਸ਼ਨ (1) ਵਿਚ ਸ਼ਾਮਿਲ ਕਿਸੇ ਵੀ ਗੱਲ ਦੇ ਬਾਵਜੂਦ ਜਿਥੇ ਇਸ ਐਕਟ ਅਧੀਨ ਕਿਸੇ ਕੰਪਨੀ ਵਲੋਂ ਕੋਈ ਜੁਰਮ ਕੀਤਾ ਗਿਆ ਹੋਵੇ ਅਤੇ ਇਹ ਸਾਬਤ ਹੋ ਜਾਵੇ ਕਿ ਇਹ ਜੁਰਮ ਕਿਸੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਕੰਪਨੀ ਦੇ ਕਿਸੇ ਹੋਰ ਅਫ਼ਸਰ ਦੀ ਮਿਲੀਭੁਗਤ ਨਾਲ ਜਾਂ ਉਸ ਦੀ ਗਲਤੀ ਨਾਲ ਕੀਤਾ ਗਿਆ ਹੋਵੇ ਤਾਂ ਅਜਿਹੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਕਿਸੇ ਹੋਰ ਅਫ਼ਸਰ ਨੂੰ ਉਸ ਜੁਰਮ ਦਾ ਦੋਸ਼ੀ ਮੰਨਿਆ ਜਾਵੇਗਾ ਅਤੇ ਉਸ ਦੇ ਵਿਰੁੱਧ ਕਾਰਵਾਈ ਕੀਤੀ ਜਾਣਯੋਗ ਹੋਵੇਗੀ ਅਤੇ ਉਸ ਦੇ ਅਨੁਸਾਰ ਹੀ ਉਸ ਨੂੰ ਸਜ਼ਾ ਦਿੱਤੀ ਜਾਵੇਗੀ।

ਵਿਆਖਿਆ- ਇਸ ਧਾਰਾ ਦੇ ਮੰਤਵਾਂ ਲਈ :-

ੳ) "ਕੰਪਨੀ" ਦਾ ਭਾਵ ਹੈ ਕੋਈ ਵੀ ਨਿਗਮ ਅਤੇ ਇਸ ਵਿਚ ਫਰਮ ਜਾਂ ਵਿਅਕਤੀਆਂ ਦੀ ਹੋਰ ਸਭਾ ਸ਼ਾਮਲ ਹੈ: ਅਤੇ

(ਅ) ਫਰਮ ਨਾਲ ਸਬੰਧਤ 'ਡਾਇਰੈਕਟਰ' ਦਾ ਮਤਲਬ ਫਰਮ ਦਾ ਭਾਈਵਾਲ

ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀ ਨੂੰ ਮਿਲਣ ਵਾਲੇ ਲਾਭਾਂ ਨੂੰ ਧੋਖੇ ਨਾਲ ਲੈਣ ਵਾਲੇ ਲਈ ਸਜ਼ਾ

91. ਜੋ ਕੋਈ ਵੀ ਧੋਖੇ ਨਾਲ ਨਿਰਧਾਰਤ ਦਿਵਿਆਂਗਤਾ ਵਾਲੇ ਵਿਅਕਤੀ ਨੂੰ ਮਿਲਣ ਵਾਲੇ ਲਾਭਾਂ ਨੂੰ ਲੈਂਦਾ ਹੈ ਜਾਂ ਲੈਣ ਦਾ ਯਤਨ ਕਰਦਾ ਹੈ, ਨੂੰ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਜਿਸ ਨੂੰ ਕਿ ਦੋ ਸਾਲ ਤੱਕ ਵਧਾਇਆ ਜਾ ਸਕਦਾ ਹੈ ਜਾਂ ਜੁਰਮਾਨਾ ਹੋ ਸਕਦਾ ਹੈ ਜਿਸ ਨੂੰ ਇੱਕ ਲੱਖ ਰੁਪਏ ਤੱਕ ਵਧਾਇਆ ਜਾ ਸਕਦਾ ਹੈ ਜਾਂ ਦੋਵੇਂ ਵੀ ਹੋ ਸਕਦੇ ਹਨ।

ਅਤਿਆਚਾਰ ਦੇ ਅਪਰਾਧਾਂ ਲਈ ਸਜ਼ਾ

92. ਜਿਹੜਾ ਵੀ-

(ੳ) ਜਾਣ ਬੁਝ ਕੇ ਦਿਵਿਆਂਗ ਵਿਅਕਤੀ ਦੀ ਜਨਤਾ ਦੇ ਸਾਹਮਣੇ ਕਿਸੇ ਵੀ ਸਥਾਨ ਤੇ ਬੇਇੱਜ਼ਤੀ ਜਾਂ ਬੇਇੱਜ਼ਤ ਕਰਨ ਦੀ ਇੱਛਾ ਨਾਲ ਧਮਕਾਉਂਦਾ ਜਾਂ ਡਰਾਉਂਦਾ ਹੈ ;

(ਅ) ਦਿਵਿਆਂਗ ਵਿਅਕਤੀ ਨੂੰ ਬੇਇੱਜ਼ਤ ਕਰਨ ਲਈ ਬਲ ਦੀ ਵਰਤੋਂ ਕਰਦਾ ਹੈ ਜਾਂ ਦਿਵਿਆਂਗ ਔਰਤ ਦੀ ਇੱਜ਼ਤ ਉਤੇ ਜਬਰਨ ਹਮਲਾ ਕਰਦਾ ਹੈ ;

(ੲ) ਆਪਣੀ ਜ਼ਿੰਮੇਵਾਰੀ ਜਾਂ ਨਿਯੰਤ੍ਰਣ ਅਧੀਨ ਦਿਵਿਆਂਗ ਵਿਅਕਤੀ ਨੂੰ ਜਾਣ ਬੁੱਝ ਕੇ ਖਾਣ-ਪੀਣ ਨੂੰ ਨਹੀਂ ਦਿੰਦਾ;

(ਸ) ਅਜਿਹੀ ਸਥਿਤੀ ਵਿਚ ਹੋਣ ਤੇ ਜਿਥੇ ਉਹ ਦਿਵਿਆਂਗ ਬੱਚੇ ਜਾਂ ਇਸਤਰੀ ਦੀ ਇੱਛਾ ਉਤੇ ਹਾਵੀ ਹੋ ਸਕਦਾ ਹੋਵੇ ਅਤੇ ਆਪਣੀ ਇਸ ਸਥਿਤੀ ਦੀ ਦੁਰਵਰਤੋਂ ਕਰਕੇ ਓਸ ਦਾ ਜਿਨਸੀ ਸੋਸ਼ਣ ਕਰਦਾ ਹੋਵੇ;

(ਹ) ਸਵੈ-ਇੱਛਾ ਜਾਂ ਜਾਣ ਬੁੱਝ ਕੇ ਦਿਵਿਆਂਗ ਵਿਅਕਤੀ ਦੇ ਕਿਸੇ ਸਹਾਇਕ ਉਪਕਰਣ ਜਾਂ ਕਿਸੇ ਅੰਗ ਨੂੰ ਸੱਟ ਜਾਂ ਨੁਕਸਾਨ ਪਹੁੰਚਾਏ ਜਾਂ ਉਸ ਦੀ ਵਰਤੋਂ ਵਿਚ ਦਖਲ ਅੰਦਾਜ਼ੀ ਕਰੇ;

(ਕ) ਦਿਵਿਆਂਗ ਵਿਅਕਤੀ ਉਤੇ ਕੀਤੀ ਜਾਣ ਵਾਲੀ ਕਿਸੇ ਡਾਕਟਰੀ ਪ੍ਰਕ੍ਰਿਆ ਨੂੰ ਆਪ ਸੰਚਾਲਨ ਜਾਂ ਨਿਰਦੇਸ਼ ਕਰੇ ਜਿਸ ਨਾਲ ਉਸ ਦੀ ਹਾਮੀ ਤੋਂ ਬਿਨਾਂ ਉਸ ਦਾ ਗਰਭਪਾਤ ਹੋ ਜਾਵੇ ਜਾਂ ਹੋਣ ਦੀ ਸੰਭਾਵਨਾ ਹੋ ਜਾਵੇ ਸਿਵਾਇ ਅਜਿਹੇ ਮਾਮਲਿਆਂ ਦੇ ਜਿਥੇ ਦਿਵਿਆਂਗਤਾ ਦੇ ਗੰਭੀਰ ਮਾਮਲਿਆਂ ਵਿਚ ਗਰਭਪਾਤ ਦੀ ਮੈਡੀਕਲ ਪ੍ਰਕ੍ਰਿਆ ਕੀਤੀ ਜਾਂਦੀ ਹੈ ਅਤੇ ਜੋ ਕਿ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਅਤੇ ਦਿਵਿਆਂਗ ਔਰਤ ਦੇ ਸਰਪ੍ਰਸਤ ਦੀ ਹਾਮੀ ਨਾਲ ਕੀਤੀ ਜਾਂਦੀ ਹੈ;

ਨੂੰ ਅਜਿਹੇ ਸਮੇਂ ਲਈ ਸਜ਼ਾ ਦਿੱਤੀ ਜਾ ਸਕਦੀ ਹੈ ਜੋ ਕਿ ਛੇ ਮਹੀਨਿਆਂ ਤੋਂ ਘੱਟ ਸਮੇਂ ਲਈ ਨਹੀਂ ਹੋਵੇਗੀ ਪਰ ਜਿਸ ਨੂੰ ਪੰਜ ਸਾਲ ਤਕ ਵਧਾਇਆ ਜਾ ਸਕਦਾ ਹੈ ਅਤੇ ਨਾਲ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।

**ਸੂਚਨਾ ਦੇਣ ਦੀ ਅਸਫਲਤਾ ਲਈ ਸਜ਼ਾ**

93. ਜੋ ਕੋਈ ਵੀ ਇਸ ਐਕਟ ਦੇ ਉਪਬੰਧਾਂ ਜਾਂ ਕੋਈ ਆਦੇਸ਼ ਜਾਂ ਉਸ ਤਹਿਤ ਕੀਤੇ ਨਿਰਦੇਸ਼ ਦੇ ਅਨੁਸਰਣ ਵਿਚ ਕੀਤੇ ਕਿਸੇ ਸਵਾਲ ਦਾ ਉਤਰ ਦੇਣ ਜਾਂ ਪੇਸ਼ ਕਰਨ ਲਈ ਕਰਤੱਵਬੱਧ ਹੈ ਪਰ ਅਜਿਹਾ ਕਰਨ ਵਿਚ ਅਸਮਰਥ ਰਹਿੰਦਾ ਹੈ ਜਾਂ ਇਸ ਐਕਟ ਜਾਂ ਕਿਸੇ ਅਦੇਸ਼ ਜਾਂ ਉਸ ਤਹਿਤ ਕੀਤੇ ਨਿਰਦੇਸ਼ ਤਹਿਤ ਕੋਈ ਹਿਸਾਬ, ਖਾਤਾ ਜਾਂ ਹੋਰ ਦਸਤਾਵੇਜ਼ ਜਾਂ ਕੋਈ ਵੇਰਵਾ, ਸੂਚਨਾ ਜਾਂ ਵੇਰਵੇ ਦੇਣ ਲਈ ਕਰਤੱਵਬੱਧ ਹੋਵੇ ਪਰ ਅਜਿਹਾ ਪੇਸ਼ ਕਰਨ ਵਿਚ ਅਸਮਰਥ ਰਹੇ, ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜੋ ਕਿ ਹਰੇਕ ਅਪਰਾਧ ਦੇ ਸਬੰਧ ਵਿਚ 25 ਹਜ਼ਾਰ ਤੱਕ ਵਧਾਇਆ ਜਾ ਸਕਦਾ ਹੈ ਅਤੇ ਲਗਾਤਾਰ ਅਸਮਰਥਤਾ ਜਾਂ ਇਨਕਾਰ ਕਰਨ ਦੇ ਮਾਮਲੇ ਵਿਚ ਜੁਰਮਾਨੇ ਵਿਚ ਹੋਰ ਵਾਧਾ ਪ੍ਰਤਿਦਿਨ ਇਕ ਹਜ਼ਾਰ ਰੁਪਏ ਤਕ ਦਾ ਕੀਤਾ ਜਾ ਸਕਦਾ ਹੈ ਜੋ ਕਿ ਜੁਰਮਾਨਾ ਲੱਗਣ ਦੇ ਅਸਲ ਆਦੇਸ਼ ਦੀ ਮਿਤੀ ਤੋਂ ਬਾਅਦ ਕੀਤੇ ਇਨਕਾਰ ਜਾਂ ਅਸਮਰਥਾ ਲਈ ਹੋਵੇਗਾ।

**ਸਬੰਧਤ ਸਰਕਾਰ ਦੀ ਪਹਿਲਾਂ ਪ੍ਰਵਾਨਗੀ**

94. ਕੋਈ ਅਦਾਲਤ ਇਸ ਅਧਿਆਇ ਤਹਿਤ ਸਬੰਧਤ ਸਰਕਾਰ ਦੇ ਕਰਮਚਾਰੀ ਵਲੋਂ ਕੀਤੇ ਗਏ ਕਿਸੇ ਅਪਰਾਧ ਦੀ ਇਤਲਾਹ ਨਹੀਂ ਲਵੇਗਾ ਸਿਵਾਇ ਕਿ ਅਜਿਹੀ ਸਥਿਤੀ ਦੇ ਜਦੋਂ ਕਿ ਸਬੰਧਤ ਸਰਕਾਰ ਦੀ ਪਹਿਲਾਂ ਪ੍ਰਵਾਨਗੀ ਲਈ ਹੋਵੇ ਜਾਂ ਇਸ ਲਈ ਅਧੀਕ੍ਰਿਤ ਕਿਸੇ ਅਫਸਰ ਵਲੋਂ ਸ਼ਿਕਾਇਤ ਦਾਇਰ ਕੀਤੀ ਗਈ ਹੋਵੇ।

**ਵਿਕਲਪਤ ਸਜ਼ਾਵਾਂ**

95. ਜਿਥੇ ਕੋਈ ਕਾਰਜ ਜਾਂ ਅਣਗਹਿਲੀ ਨਾਲ ਅਜਿਹਾ ਅਪਰਾਧ ਹੁੰਦਾ ਹੈ ਜੋ ਕਿ ਇਸ ਐਕਟ ਤਹਿਤ ਅਤੇ ਕਿਸੇ ਹੋਰ ਕੇਂਦਰ ਜਾਂ ਰਾਜ ਐਕਟ ਤਹਿਤ ਸਜ਼ਾ ਦੇਣਯੋਗ ਹੈ ਤਾਂ ਉਸ ਸਮੇਂ ਲਾਗੂ ਕਿਸੇ ਹੋਰ ਕਾਨੂੰਨ ਵਿਚ ਦਰਜ ਕੁਝ ਵੀ ਦੇ ਬਾਵਜੂਦ, ਅਜਿਹੇ ਅਪਰਾਧ ਦੇ ਦੋਸ਼ੀ ਅਪਰਾਧੀ ਨੂੰ ਕੇਵਲ ਅਜਿਹੇ ਐਕਟ ਤਹਿਤ ਸਜ਼ਾ ਦਿੱਤੀ ਜਾਵੇਗੀ ਜਿਸ ਤਹਿਤ ਵਧੇਰੇ ਸਜ਼ਾ ਦਿੱਤੀ ਜਾ ਸਕਦੀ ਹੋਵੇ।

## ਅਧਿਆਇ – XVII

## ਫੁਟਕਲ

**ਹੋਰ ਕਾਨੂੰਨਾਂ ਦਾ ਲਾਗੂ ਨਾ ਹੋਣਾ ਵਰਜਿਤ ਨਹੀਂ ਹੈ**

96. ਇਸ ਐਕਟ ਦੇ ਉਪਬੰਧ ਮੌਜੂਦਾ ਸਮੇਂ ਲਾਗੂ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਤੋਂ ਇਲਾਵਾ ਹੋਣਗੇ ਨਾ ਕਿ ਉਸ ਦੇ ਅਲਪੀਕਰਣ ਲਈ।

**ਪੂਰਣ ਵਿਸਵਾਸ਼ ਨਾਲ ਕੀਤੀ ਗਈ ਕਾਰਵਾਈ ਦੀ ਸੁਰੱਖਿਆ**

97. ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਦੇ ਅਧੀਨ ਪੂਰਣ ਵਿਸ਼ਵਾਸ ਨਾਲ ਕੀਤੀ ਗਈ ਜਾਂ ਕੀਤੇ ਜਾਣ ਵਾਲੀ ਕਿਸੇ ਵੀ ਗੱਲ ਲਈ ਉਚਿਤ ਸਰਕਾਰ ਜਾਂ ਉਚਿਤ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਜਾਂ ਚੀਫ ਕਮਿਸ਼ਨਰ ਜਾਂ ਰਾਜ ਕਮਿਸ਼ਨਰ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਖਿਲਾਫ ਕੋਈ ਮੁਕਦਮਾ, ਕੇਸ ਜਾਂ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ।

ਮੁਸ਼ਕਲਾਂ ਨੂੰ ਦੂਰ ਕਰਨ ਦੇ ਅਧਿਕਾਰ

98. (1) ਜੇਕਰ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਕਰਨ ਵਿਚ ਕੋਈ ਮੁਸ਼ਕਲ ਪੈਦਾ ਹੁੰਦੀ ਹੈ ਤਾਂ ਕੇਂਦਰੀ ਸਰਕਾਰ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਆਦੇਸ਼ ਦੁਆਰਾ ਅਜਿਹੇ ਉਪਬੰਧ ਕਰ ਸਕੇਗੀ ਜਾਂ ਅਜਿਹੇ ਨਿਰਦੇਸ਼ ਦੇ ਸਕੇਗੀ ਜੋ ਉਸ ਮੁਸ਼ਕਲ ਨੂੰ ਦੂਰ ਕਰਨ ਲਈ ਜ਼ਰੂਰੀ ਜਾਂ ਉਚਿਤ ਪ੍ਰਤੀਤ ਹੁੰਦੇ ਹੋਣ, ਜੋ ਇਸ ਐਕਟ ਦੇ ਉਪਬੰਧਾਂ ਦੇ ਪ੍ਰਤੀਕੂਲ ਨਾ ਹੋਣ:

ਬਸ਼ਰਤੇ ਕਿ ਇਸ ਐਕਟ ਦੇ ਆਰੰਭ ਹੋਣ ਦੀ ਮਿਤੀ ਤੋਂ ਦੋ ਸਾਲ ਤੱਕ ਦੀ ਸਮਾਪਤੀ ਉਪਰੰਤ ਇਸ ਧਾਰਾ ਦੇ ਅਧੀਨ ਅਜਿਹਾ ਆਦੇਸ਼ ਨਹੀਂ ਦਿੱਤਾ ਜਾਵੇਗਾ।

(2) ਇਸ ਧਾਰਾ ਦੇ ਅਧੀਨ ਦਿੱਤਾ ਗਿਆ ਹਰੇਕ ਆਦੇਸ਼, ਇਸ ਨੂੰ ਦਿੱਤੇ ਜਾਣ ਮਗਰੋਂ ਤੁਰੰਤ ਸੰਸਦ ਦੇ ਹਰੇਕ ਸਦਨ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।

---

ਅਨੁਸੂਚੀ ਵਿਚ ਸੋਧ ਕਰਨ ਦੇ ਅਧਿਕਾਰ

99. (1) ਉਚਿਤ ਸਰਕਾਰ ਦੁਆਰਾ ਕੀਤੀਆਂ ਗਈਆਂ ਸਿਫਾਰਸ਼ਾਂ ਤੇ ਜਾਂ ਫਿਰ ਕੇਂਦਰੀ ਸਰਕਾਰ ਦੀ ਇਹ ਸੰਤੁਸ਼ਟੀ ਹੋ ਜਾਂਦੀ ਹੈ ਕਿ ਅਜਿਹਾ ਕਰਨਾ ਜ਼ਰੂਰੀ ਜਾਂ ਉਚਿਤ ਹੈ, ਉਹ ਅਧਿਸੂਚਨਾ ਦੁਆਰਾ ਅਤੇ ਜਾਰੀ ਅਜਿਹੀ ਅਧਿਸੂਚਨਾ ਦੁਆਰਾ ਅਨੁਸੂਚੀ ਦੀ ਸੋਧ ਕਰ ਸਕੇਗੀ ਅਤੇ ਅਨੁਸੂਚੀ ਅਨੁਸਾਰ ਸੋਧ ਕੀਤੀ ਗਈ ਸਮਝੀ ਜਾਵੇਗੀ।

(2) ਹਰੇਕ ਅਜਿਹੀ ਅਧਿਸੂਚਨਾ ਤੁਰੰਤ ਇਸ ਦੇ ਜਾਰੀ ਹੋਣ ਉਪਰੰਤ ਸੰਸਦ ਦੇ ਹਰੇਕ ਸਦਨ ਸਾਹਮਣੇ ਪੇਸ਼ ਕੀਤੀ ਜਾਵੇਗੀ।

---

ਕੇਂਦਰੀ ਸਰਕਾਰ ਦੇ ਨਿਯਮ ਬਣਾਉਣ ਦੇ ਅਧਿਕਾਰ

100. (1) ਕੇਂਦਰੀ ਸਰਕਾਰ, ਅਧਿਸੂਚਨਾ ਰਾਹੀਂ ਪੂਰਵ ਪ੍ਰਕਾਸ਼ਨ ਦੀ ਸ਼ਰਤ ਦੇ ਅਧੀਨ ਅਧਿਸੂਚਨਾ ਰਾਹੀਂ ਇਸ ਐਕਟ ਦੇ ਉਪਬੰਧਾਂ ਨੂੰ ਕ੍ਰਿਆਸ਼ੀਲ ਬਣਾਉਣ ਲਈ ਨਿਯਮ ਬਣਾ ਸਕੇਗੀ।

(2) ਵਿਸ਼ੇਸ਼ ਤੌਰ ਤੇ ਅਤੇ ਪੂਰਵਗਾਮੀ ਅਧਿਕਾਰਾਂ ਦੀ ਵਿਆਪਕਤਾ ਤੋਂ ਬਗੈਰ ਪ੍ਰਤੀਕੂਲ ਪ੍ਰਭਾਵ ਪਾਏ ਅਜਿਹੇ ਨਿਯਮ ਨਿਮਨ ਦਰਜ ਵਿਸ਼ਿਆਂ ਵਿਚੋਂ ਸਾਰਿਆਂ ਜਾਂ ਕਿਸੇ ਇਕ ਵਿਸ਼ੇ ਲਈ ਉਪਬੰਧ ਕਰ ਸਕਣਗੇ, ਭਾਵ :-

(ੳ) ਧਾਰਾ 6 ਦੀ ਉਪ-ਧਾਰਾ (2) ਅਧੀਨ ਦਿਵਿਆਂਗਤਾ ਤੋਂ ਖੋਜ ਲਈ ਕਮੇਟੀ ਗਠਨ ਕਰਨ ਦੀ ਵਿਧੀ;

(ਅ) ਧਾਰਾ 21 ਦੀ ਉਪ-ਧਾਰਾ (1) ਅਧੀਨ ਸਮਾਨ ਅਵਸਰ ਨੀਤੀ ਅਧਿਸੂਚਿਤ ਕਰਨ ਦੀ ਵਿਧੀ;

(ੲ) ਧਾਰਾ 22 ਦੀ ਉਪ-ਧਾਰਾ (1) ਅਧੀਨ ਹਰੇਕ ਅਦਾਰੇ ਵੱਲੋਂ ਰਿਕਾਰਡਾਂ ਦੀ ਸਾਂਭ-ਸੰਭਾਲ ਦਾ ਖਾਕਾ ਅਤੇ ਵਿਧੀ;

(ਸ) ਧਾਰਾ 23 ਦੀ ਉਪ-ਧਾਰਾ (3) ਅਧੀਨ ਸ਼ਿਕਾਇਤ ਨਿਪਟਾਰਾ ਅਧਿਕਾਰੀ ਵੱਲੋਂ ਸ਼ਿਕਾਇਤਾਂ ਦੇ ਰਜਿਸਟਰ ਦੀ ਸਾਂਭ-ਸੰਭਾਲ ਦੀ ਵਿਧੀ;

(ਹ) ਧਾਰਾ 36 ਅਧੀਨ ਵਿਸ਼ੇਸ਼ ਰੋਜ਼ਗਾਰ ਦਫਤਰ ਲਈ ਅਦਾਰੇ ਦੁਆਰਾ ਸੂਚਨਾ ਅਤੇ ਰਿਟਰਨ ਤਿਆਰ ਕਰਨ ਦੀ ਵਿਧੀ;

(ਕ) ਧਾਰਾ 38 ਦੀ ਉਪ-ਧਾਰਾ (2) ਅਧੀਨ ਨਿਰਧਾਰਣ ਬੋਰਡ ਦੀ ਸੰਰਚਨਾ ਅਤੇ ਉਪ-ਧਾਰਾ (3) ਅਧੀਨ ਨਿਰਧਾਰਣ ਬੋਰਡ ਵੱਲੋਂ ਕੀਤੇ ਜਾਣ ਵਾਲੇ ਨਿਰਧਾਰਨ ਦੀ ਵਿਧੀ;

(ਖ) ਧਾਰਾ 40 ਅਧੀਨ ਨਿਰਧਾਰਣ ਦੇ ਮਾਪਦੰਡਾਂ ਅਨੁਸਾਰ ਦਿਵਿਆਂਗ ਵਿਅਕਤੀਆਂ ਲਈ ਨਿਯਮ;

(ਗ) ਧਾਰਾ 58 ਦੀ ਉਪ-ਧਾਰਾ (1) ਅਧੀਨ ਦਿਵਿਆਂਗਤਾ ਸਰਟੀਫਿਕੇਟ ਜਾਰੀ ਕੀਤੇ ਜਾਣ ਲਈ ਬਿਨੈ ਪੱਤਰ ਦੀ ਵਿਧੀ ਅਤੇ ਉਪ-ਧਾਰਾ(2) ਦੇ ਅਧੀਨ ਦਿਵਿਆਂਗਤਾ ਸਰਟੀਫਿਕੇਟ ਦਾ ਫਾਰਮ;

(ਘ) ਧਾਰਾ 61 ਦੀ ਉਪ-ਧਾਰਾ (6) ਅਧੀਨ ਕੇਂਦਰੀ ਸਲਾਹਕਾਰ ਬੋਰਡ ਦੇ ਨਾਮਾਂਕਿਤ ਮੈਂਬਰਾਂ ਨੂੰ ਭੁਗਤਾਨ ਕੀਤੇ ਜਾਣ ਵਾਲੇ ਭੱਤੇ;

(ਙ) ਧਾਰਾ 64 ਅਧੀਨ ਕੇਂਦਰੀ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਵਿਚ ਕਾਰੋਬਾਰ ਦੇ ਲੈਣ-

ਦੇਣ ਦੀ ਪ੍ਰਕ੍ਰਿਆ ਦੇ ਨਿਯਮ;

(ਚ) ਧਾਰਾ 74 ਦੀ ਉਪ-ਧਾਰਾ (4) ਅਧੀਨ ਚੀਫ ਕਮਿਸ਼ਨਰ ਅਤੇ ਕਮਿਸ਼ਨਰਾਂ ਦੀ ਤਨਖਾਹ ਅਤੇ ਭੱਤੇ ਅਤੇ ਸੇਵਾ ਦੀਆਂ ਹੋਰ ਸ਼ਰਤਾਂ;

(ਛ) ਧਾਰਾ 74 ਦੀ ਉਪ-ਧਾਰਾ (7) ਅਧੀਨ ਚੀਫ ਕਮਿਸ਼ਨਰ ਦੇ ਅਧਿਕਾਰੀਆਂ ਅਤੇ ਅਮਲੇ ਦੀ ਤਨਖਾਹ ਅਤੇ ਭੱਤੇ ਅਤੇ ਸੇਵਾ ਦੀਆਂ ਸ਼ਰਤਾਂ;

(ਜ) ਧਾਰਾ 74 ਦੀ ਉਪ-ਧਾਰਾ (8) ਅਧੀਨ ਸਲਾਹਕਾਰ ਕਮੇਟੀ ਵਿਚ ਮਾਹਿਰਾਂ ਦੀ ਸੰਰਚਨਾ ਅਤੇ ਨਿਯੁਕਤੀ ਦੀ ਵਿਧੀ;

(ਝ) ਧਾਰਾ 78 ਦੀ ਉਪ-ਧਾਰਾ (3) ਅਧੀਨ ਚੀਫ ਕਮਿਸ਼ਨਰ ਦੁਆਰਾ ਤਿਆਰ ਕੀਤੀ ਅਤੇ ਪੇਸ਼ ਕੀਤੀ ਜਾਣ ਵਾਲੀ ਸਲਾਨਾ ਰਿਪੋਰਟ ਦਾ ਫਾਰਮ, ਵਿਧੀ ਅਤੇ ਵਿਸ਼ਾ-ਵਸਤੂ;

(ਞ) ਧਾਰਾ 86 ਦੀ ਉਪ-ਧਾਰਾ (2) ਅਧੀਨ ਫੰਡ ਦੀ ਪ੍ਰਕ੍ਰਿਆ, ਵਰਤੋਂ ਅਤੇ ਪ੍ਰਬੰਧਨ ਦੀ ਵਿਧੀ; ਅਤੇ

(ਟ) ਧਾਰਾ 87 ਦੀ ਉਪ-ਧਾਰਾ (1) ਅਧੀਨ ਫੰਡ ਦੇ ਲੇਖਿਆਂ ਦੀ ਤਿਆਰੀ ਲਈ ਫਾਰਮ।

(3) ਇਸ ਐਕਟ ਦੇ ਅਧੀਨ ਬਣਾਇਆ ਗਿਆ ਹਰੇਕ ਨਿਯਮ, ਬਣਾਏ ਜਾਣ ਤੋਂ ਉਪਰੰਤ ਤੁਰੰਤ ਸੰਸਦ ਦੇ ਹਰੇਕ ਸਦਨ ਦੇ ਸਾਹਮਣੇ, ਜਦੋਂ ਇਜਲਾਸ ਚੱਲਦਾ ਹੋਵੇ, ਕੁੱਲ 30 ਦਿਨਾਂ ਦੀ ਅਵਧੀ ਲਈ ਰੱਖਿਆ ਜਾਵੇਗਾ, ਇਹ ਅਵਧੀ ਇਕ ਇਜਲਾਸ ਵਿਚ ਜਾਂ 2 ਜਾਂ ਵੱਧ ਇਕ ਤੋਂ ਬਾਅਦ ਇਕ ਆਉਣ ਵਾਲੇ ਇਜਲਾਸਾਂ ਵਿਚ ਪੂਰੀ ਹੋ ਸਕੇਗੀ, ਅਤੇ ਜੇਕਰ ਉਸ ਇਜਲਾਸ ਤੋਂ ਬਾਅਦ ਆਉਣ ਵਾਲੇ ਇਜਲਾਸਾਂ ਦੇ ਖਤਮ ਹੋਣ ਤੋਂ ਪਹਿਲਾਂ ਦੋਨੋਂ ਸਦਨ ਉਸ ਨਿਯਮ ਵਿਚ ਕੋਈ ਸੋਧ ਕਰਨ ਹਿਤ ਸਹਿਮਤ ਹੋ ਜਾਣ ਤਾਂ ਉਸ ਉਪਰੰਤ ਇਹ ਅਜਿਹੇ ਪਰਿਵਰਤਿਤ ਰੂਪ ਵਿਚ ਹੀ ਪ੍ਰਭਾਵੀ ਹੋਵੇਗਾ ਅਤੇ ਜੇਕਰ ਉਕਤ ਸਮਾਪਤੀ ਤੋਂ ਪਹਿਲਾਂ ਦੋਨੋਂ ਸਦਨ ਸਹਿਮਤ ਹੋ ਜਾਣ ਕਿ ਇਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ ਤਾਂ ਇਸ ਉਪਰੰਤ ਉਹ ਗੈਰ-ਪ੍ਰਭਾਵੀ ਹੋ ਜਾਵੇਗਾ ਐਪਰ ਨਿਯਮ ਦੇ ਅਜਿਹੇ ਪਰਿਵਰਤਿਤ ਜਾਂ ਗੈਰ-ਪ੍ਰਭਾਵੀ ਹੋਣ ਨਾਲ ਉਸ ਦੇ ਅਧੀਨ ਪਹਿਲਾਂ ਦੀ ਕਿਸੇ ਗੱਲ ਦੀ ਵਿਧੀ ਮਾਨਤਾ ਤੇ ਕੋਈ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

---

ਰਾਜ ਸਰਕਾਰ ਦੇ ਨਿਯਮ ਬਨਾਉਣ ਦੇ ਅਧਿਕਾਰ

101. (1) ਰਾਜ ਸਰਕਾਰ ਅਧਿਸੂਚਨਾ ਰਾਹੀਂ ਪੂਰਵ ਪ੍ਰਕਾਸ਼ਨ ਦੀ ਸ਼ਰਤ ਦੇ ਅਧੀਨ ਇਸ ਐਕਟ ਦੇ ਉਪਬੰਧਾਂ ਨੂੰ ਲਾਗੂ ਕਰਨ ਹਿਤ ਨਿਯਮ ਬਣਾ ਸਕੇਗੀ ਜਿਸ ਦੀ ਮਿਆਦ ਇਸ ਐਕਟ ਦੇ ਆਰੰਭ ਹੋਣ ਦੀ ਮਿਤੀ ਤੋਂ ਛੇ ਮਹੀਨੇ ਬਾਅਦ ਨਹੀਂ ਹੋਵੇਗੀ।

(2) ਵਿਸ਼ੇਸ਼ ਤੌਰ ਤੇ ਅਤੇ ਬਗੈਰ ਪੂਰਵਗਾਮੀ ਅਧਿਕਾਰਾਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵੇ ਪਾਏ, ਅਜਿਹੇ ਨਿਯਮ ਨਿਮਨ ਦਰਜ ਸਾਰੇ ਵਿਸ਼ਿਆਂ ਜਾਂ ਕਿਸੇ ਇਕ ਵਿਸ਼ੇ ਲਈ ਉਪਬੰਧ ਕਰ ਸਕਣਗੇ, ਭਾਵ:-

(ੳ) ਧਾਰਾ 5 ਦੀ ਉਪ-ਧਾਰਾ (2) ਅਧੀਨ ਦਿਵਿਆਂਗਤਾ ਉਤੇ ਖੋਜ ਹਿਤ ਕਮੇਟੀ ਗਠਨ ਕਰਨ ਦੀ ਵਿਧੀ;

(ਅ) ਧਾਰਾ 14 ਦੀ ਉਪ-ਧਾਰਾ (1) ਅਧੀਨ ਇਕ ਸੀਮਿਤ ਸਰਪ੍ਰਸਤੀ ਦੀ ਸਹਾਇਤਾ ਦੇਣ ਦੀ ਵਿਧੀ;

(ੲ) ਧਾਰਾ 51 ਦੀ ਉਪ-ਧਾਰਾ (1) ਅਧੀਨ ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਲਈ ਬਿਨੈ-ਪੱਤਰ ਤਿਆਰ ਕਰਨ ਦਾ ਫਾਰਮ ਅਤੇ ਵਿਧੀ;

(ਸ) ਧਾਰਾ 51 ਦੀ ਉਪ-ਧਾਰਾ (3) ਅਧੀਨ ਰਜਿਸਟ੍ਰੇਸ਼ਨ ਸਰਟੀਫਿਕੇਟ ਦੇਣ ਹਿਤ ਸੰਸਥਾ ਦੁਆਰਾ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਮਾਪਦੰਡ;

(ਹ) ਧਾਰਾ 51 ਦੀ ਉਪ-ਧਾਰਾ (4) ਅਧੀਨ ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਦੀ ਮਾਨਤਾ, ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਨਾਲ ਨੱਥੀ ਫਾਰਮ ਅਤੇ ਸ਼ਰਤਾਂ;

(ਕ) ਧਾਰਾ 51 ਦੀ ਉਪ-ਧਾਰਾ (7) ਅਧੀਨ ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਲਈ ਬਿਨੈ-ਪੱਤਰ

ਦੇ ਨਿਪਟਾਰੇ ਦੀ ਮਿਆਦ;

(ਖ) ਧਾਰਾ 53 ਦੀ ਉਪ-ਧਾਰਾ (1) ਅਧੀਨ ਉਹ ਮਿਆਦ ਜਿਸ ਦੌਰਾਨ ਅਪੀਲ ਕੀਤੀ ਜਾਵੇਗੀ;

(ਗ) ਧਾਰਾ 59 ਦੀ ਉਪ-ਧਾਰਾ (1) ਅਧੀਨ ਪ੍ਰਮਾਣਿਤ ਕਰਨ ਵਾਲੀ ਅਥਾਰਟੀ ਦੇ ਹੁਕਮਾਂ ਦੇ ਖਿਲਾਫ ਅਪੀਲ ਦਾ ਸਮਾਂ ਅਤੇ ਵਿਧੀ ਅਤੇ ਉਪ-ਧਾਰਾ 2 ਅਧੀਨ ਅਜਿਹੀ ਅਪੀਲ ਦੇ ਨਿਪਟਾਰੇ ਦੀ ਵਿਧੀ;

(ਘ) ਧਾਰਾ 67 ਦੀ ਉਪ-ਧਾਰਾ (6) ਅਧੀਨ ਰਾਜ ਸਲਾਹਕਾਰ ਬੋਰਡ ਦੇ ਨਾਮਾਂਕਿਤ ਮੈਂਬਰਾਂ ਨੂੰ ਦਿੱਤੇ ਜਾਣ ਵਾਲੇ ਭੱਤੇ;

(ਙ) ਧਾਰਾ 70 ਅਧੀਨ ਰਾਜ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਵਿਚ ਕਾਰੋਬਾਰ ਵਿਚ ਲੈਣ-ਦੇਣ ਪ੍ਰਕ੍ਰਿਆ ਦੇ ਨਿਯਮ;

(ਚ) ਧਾਰਾ 72 ਅਧੀਨ ਜ਼ਿਲ੍ਹਾ ਪੱਧਰੀ ਕਮੇਟੀਆਂ ਦੀ ਸਰੰਚਨਾ ਅਤੇ ਕਾਰਜ;

(ਛ) ਧਾਰਾ 79 ਦੀ ਉਪ-ਧਾਰਾ (3) ਅਧੀਨ ਰਾਜ ਕਮਿਸ਼ਨਰ ਦੀਆਂ ਸੇਵਾਵਾਂ ਹਿਤ ਤਨਖਾਹ, ਭੱਤੇ ਅਤੇ ਹੋਰ ਸ਼ਰਤਾਂ;

ਜ) ਧਾਰਾ 79 ਦੀ ਉਪ-ਧਾਰਾ (3) ਅਧੀਨ ਰਾਜ ਕਮਿਸ਼ਨਰ ਦੇ ਅਧਿਕਾਰੀਆਂ ਅਤੇ ਅਮਲੇ ਦੀ ਤਨਖਾਹ, ਭੱਤੇ ਅਤੇ ਸ਼ਰਤਾਂ;

(ਝ) ਧਾਰਾ 79 ਦੀ ਉਪ-ਧਾਰਾ (7) ਅਧੀਨ ਸਲਾਹਕਾਰ ਕਮੇਟੀ ਵਿਚ ਮਾਹਿਰਾਂ ਦੀ ਨਿਯੁਕਤੀ ਦੀ ਸੰਰਚਨਾ ਅਤੇ ਨਿਯੁਕਤੀ ਵਿਧੀ;

(ਞ) ਧਾਰਾ 83 ਦੀ ਉਪ-ਧਾਰਾ (3) ਅਧੀਨ ਰਾਜ ਕਮਿਸ਼ਨਰ ਵੱਲੋਂ ਤਿਆਰ ਕੀਤੀ ਅਤੇ ਪੇਸ਼ ਕੀਤੀ ਜਾਣ ਵਾਲੀ ਸਾਲਾਨਾ ਅਤੇ ਵਿਸ਼ੇਸ਼ ਰਿਪੋਰਟਾਂ ਦਾ ਫਾਰਮ, ਵਿਧੀ ਅਤੇ ਵਿਸ਼ਾ-ਵਸਤੂ;

(ਟ) ਧਾਰਾ 85 ਦੀ ਉਪ-ਧਾਰਾ (2) ਅਧੀਨ ਵਿਸ਼ੇਸ਼ ਪਬਲਿਕ ਪ੍ਰਾਸੀਕਿਊਟਰ ਨੂੰ ਅਦਾ ਕੀਤੀ ਜਾਣ ਵਾਲੀ ਫੀਸ ਜਾਂ ਸੇਵਾਫਲ;

(ਠ) ਧਾਰਾ 88 ਦੀ ਉਪ-ਧਾਰਾ (1) ਅਧੀਨ ਦਿਵਿਆਂਗ ਵਿਅਕਤੀਆਂ ਲਈ ਰਾਜ ਫੰਡ ਦੇ ਗਠਨ ਦੀ ਵਿਧੀ ਅਤੇ ਉਪ-ਧਾਰਾ 2 ਅਧੀਨ ਰਾਜ ਫੰਡ ਦੀ ਵਰਤੋਂ ਅਤੇ ਪ੍ਰਬੰਧਨ ਵਿਧੀ;

(ਡ) ਧਾਰਾ 88 ਦੀ ਉਪ-ਧਾਰਾ (3) ਅਧੀਨ ਦਿਵਿਆਂਗ ਵਿਅਕਤੀਆਂ ਲਈ ਰਾਜ ਫੰਡ ਦੇ ਲੇ ਖਿਆਂ ਦੀ ਤਿਆਰੀ ਦਾ ਫਾਰਮ;

(3) ਇਸ ਐਕਟ ਦੇ ਅਧੀਨ ਰਾਜ ਸਰਕਾਰ ਦੁਆਰਾ ਬਣਾਇਆ ਗਿਆ ਹਰੇਕ ਨਿਯਮ ਇਸ ਨੂੰ ਬਣਾਏ ਜਾਣ ਉਪਰੰਤ ਤੁਰੰਤ ਰਾਜ ਵਿਧਾਨ ਸਭਾ ਦੇ ਸਾਹਮਣੇ ਜਿੱਥੇ ਦੋਵੇਂ ਸਦਨ ਹਨ, ਉਥੇ ਹਰੇਕ ਸਦਨ ਦੇ ਸਾਹਮਣੇ ਅਤੇ ਜਿੱਥੇ ਰਾਜ ਵਿਧਾਨ ਸਭਾ ਦਾ ਇਕ ਸਦਨ ਹੈ, ਉਸ ਸਦਨ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।

---

ਮਨਸੂਖੀ ਅਤੇ ਬੱਚਤ

102. (1) ਦਿਵਿਆਂਗ ਵਿਅਕਤੀ (ਸਮਾਨ ਅਵਸਰ, ਅਧਿਕਾਰਾਂ ਦੀ ਸੁਰੱਖਿਆ ਅਤੇ ਪੂਰਨ ਸ਼ਮੂਲੀਅਤ) ਐਕਟ, 1995 ਇਸ ਦੁਆਰਾ ਮਨਸੂਖ ਕੀਤਾ ਜਾਂਦਾ ਹੈ।

(2) ਉਕਤ ਐਕਟ ਦੀ ਅਜਿਹੀ ਮਨਸੂਖੀ ਦੇ ਹੁੰਦੇ ਹੋਏ ਵੀ, ਉਕਤ ਐਕਟ ਦੇ ਅਧੀਨ ਕੀਤੀ ਗਈ ਕੋਈ ਗੱਲ ਇਸ ਐਕਟ ਦੇ ਸਬੰਧਤ ਉਪਬੰਧਾਂ ਦੇ ਅਧੀਨ ਕੀਤੀ ਗਈ ਮੰਨੀ ਜਾਵੇਗੀ।

## ਅਨੁਸੂਚੀ

**(ਧਾਰਾ 2 ਦੀ ਉਪ-ਧਾਰਾ (ਪ ਤ) ਦੇਖੋ)**

**ਨਿਰਧਾਰਤ ਦਿਵਿਆਂਗਤਾ**

**1. ਸਰੀਰਕ ਦਿਵਿਆਂਗਤਾ -**

ੳ. ਗਤੀਸ਼ੀਲ ਦਿਵਿਆਂਗਤਾ (ਕਿਸੇ ਵਿਅਕਤੀ ਦੀ ਸੁਨਿਸ਼ਚਿਤ ਗਤੀਵਿਧੀਆਂ ਨੂੰ ਕਰਨ ਵਿਚ ਅਸਮਰੱਥਤਾ ਤੋਂ ਭਾਵ ਰੱਖਦੀ ਹੈ, ਜੋ ਖੁਦ ਅਤੇ ਵਸਤੂਆਂ ਦੀ ਗਤੀ ਨਾਲ ਸਬੰਧਤ ਹੈ ਜਿਸ ਦਾ ਨਤੀਜਾ ਮਾਸਪੇਸ਼ੀ-ਅਸਥੀ ਪਿੰਜਰ ਅਤੇ ਤੰਤ੍ਰਿਕਾ ਪ੍ਰਣਾਲੀ ਜਾਂ ਦੋਹਾਂ ਵਿਚ ਦਰਦ ਹੁੰਦਾ ਹੈ) ਇਸ ਵਿਚ ਹੇਠ ਦਰਜ ਵੀ ਸ਼ਾਮਲ ਹਨ -

(ੳ) 'ਕੋੜ੍ਹ ਮੁਕਤ ਵਿਅਕਤੀ' ਤੋਂ ਭਾਵ ਅਜਿਹੇ ਵਿਅਕਤੀ ਤੋਂ ਹੈ ਜਿਸ ਨੂੰ ਕੋੜ੍ਹ ਤੋਂ ਰੋਗ ਮੁਕਤ ਕੀਤਾ ਜਾ ਚੁੱਕਾ ਹੈ ਪਰ ਉਹ ਨਿਮਨ ਲਿਖਤ ਨਾਲ ਪੀੜ੍ਹਤ ਹੈ, -

(i) ਹੱਥਾਂ ਜਾਂ ਪੈਰਾਂ ਵਿਚ ਸੰਵੇਦਨਸ਼ੀਲਤਾ ਦੇ ਨਾਲ-ਨਾਲ ਅੱਖ ਅਤੇ ਪਲਕ ਵਿਚ ਸੰਵੇਦਨਸ਼ੀਲਤਾ ਅਤੇ ਅੰਸ਼ਕ ਲਕਵਾ ਪਰ ਜਿਸ ਵਿਚ ਕੋਈ ਜਾਹਿਰ ਵਿਕਾਰ ਨਹੀਂ ਹੈ;

(ii) ਵਿਕਾਰ ਅਤੇ ਅੰਸ਼ਿਕ ਲਕਵਾ ਪਰ ਉਨ੍ਹਾਂ ਦੇ ਹੱਥਾਂ ਅਤੇ ਪੈਰਾਂ ਵਿਚ ਚੋਖੀ ਗਤੀਸ਼ੀਲਤਾ ਹੈ ਜਿਸ ਨਾਲ ਉਹ ਸਧਾਰਣ ਆਰਥਿਕ ਗਤੀਵਿਧੀਆਂ ਵਿਚ ਲੱਗੇ ਰਹਿਣ ਵਿਚ ਸਮਰੱਥ ਹਨ;

(iii) ਅਤਿਅੰਤ ਸਰੀਰਕ ਵਿਕਾਰ ਦੇ ਨਾਲ-ਨਾਲ ਬਿਰਧ ਜੋ ਉਨ੍ਹਾਂ ਨੂੰ ਕੋਈ ਲਾਹੇਵੰਦ ਕਾਰੋਬਾਰ ਕਰਨ ਤੋਂ ਰੋਕਦੀ ਹੈ ਅਤੇ 'ਕੋੜ੍ਹ ਰੋਗ ਮੁਕਤ ਵਿਅਕਤੀ' ਦਾ ਪਰਿਭਾਸ਼ਾ ਅਨੁਸਾਰ ਅਰਥ ਲਗਾਇਆ ਜਾਵੇਗਾ;

(ਅ) 'ਸੈਰੇਬ੍ਰਲ ਪਾਲਸੀ' ਤੋਂ ਭਾਵ ਕਿਸੇ ਵਿਅਕਤੀ ਵਿਚ ਗੈਰ ਅਨੁਕ੍ਰਮਿਕ ਤੰਤ੍ਰਿਕਾ ਸਥਿਤੀ ਸਮੂਹ ਤੋਂ ਹੈ ਜੋ ਸਰੀਰ ਦੀ ਗਤੀ ਅਤੇ ਮਾਸਪੇਸ਼ੀ ਦੇ ਤਾਲਮੇਲ ਨੂੰ ਪ੍ਰਭਾਵਿਤ ਕਰਦਾ ਹੈ, ਜੋ ਦਿਮਾਗ ਦੇ ਇਕ ਜਾਂ ਵੱਧ ਵਿਸ਼ੇਸ਼ ਖੇਤਰਾਂ ਨੂੰ ਨੁਕਸਾਨ ਦੇ ਕਾਰਨ ਹੁੰਦਾ ਹੈ, ਜੋ ਆਮ ਤੌਰ ਤੇ ਜਨਮ ਤੋਂ ਪਹਿਲਾਂ ਜਾਂ ਉਸ ਦੇ ਤੁਰੰਤ ਬਾਅਦ ਪੈਦਾ ਹੁੰਦਾ ਹੈ;

(ੲ) 'ਬੌਣਾਪਨ' ਤੋਂ ਭਾਵ ਇਕ ਅਜਿਹੀ ਮੈਡੀਕਲ ਜਾਂ ਅਨੁਵੰਸ਼ਿਕ ਸਥਿਤੀ ਹੈ ਜਿਸ ਵਿਚ ਇਕ ਬਾਲਗ ਦਾ ਕੱਦ 4 ਫੁੱਟ 10 ਇੰਚ (147 ਸੈਂ.ਮੀ.) ਜਾਂ ਇਸ ਤੋਂ ਘੱਟ ਹੋਵੇ;

(ਸ) 'ਮਾਸਪੇਸ਼ੀ ਕਮਜ਼ੋਰੀ' ਤੋਂ ਭਾਵ ਵੰਸ਼ਾਗਤ ਅਨੁਵੰਸ਼ਿਕ ਮਾਸਪੇਸ਼ੀ ਰੋਗ ਦਾ ਸਮੂਹ ਹੈ ਜੋ ਮਾਨਵ ਸਰੀਰ ਨੂੰ ਗਤੀਸ਼ੀਲ ਰੱਖਣ ਵਾਲੀਆਂ ਮਾਸਪੇਸ਼ੀਆਂ ਨੂੰ ਕਮਜ਼ੋਰ ਕਰ ਦਿੰਦਾ ਹੈ ਅਤੇ ਇਸ ਦੇ ਰੋਗੀ ਵਿਅਕਤੀਆਂ ਦੇ ਜੀਨ ਵਿਚ ਉਹ ਸੂਚਨਾ ਅਸ਼ੁੱਧ ਹੁੰਦੀ ਹੈ ਜਾਂ ਨਹੀਂ ਹੁੰਦੀ ਹੈ ਜੋ ਉਨ੍ਹਾਂ ਨੂੰ ਉਸ ਪ੍ਰੋਟੀਨ ਨੂੰ ਬਣਾਉਣ ਤੋਂ ਰੋਕਦੀ ਹੈ ਜਿਸ ਦੀ ਉਨ੍ਹਾਂ ਨੂੰ ਸਿਹਤਮੰਦ ਮਾਸਪੇਸ਼ੀਆਂ ਦੇ ਲਈ ਲੋੜ ਹੁੰਦੀ ਹੈ। ਇਸ ਦੀ ਵਿਸ਼ੇਸ਼ਤਾ ਅਨੁਕ੍ਰਮਿਕ ਅਸਥੀ ਪਿੰਜਰ, ਮਾਸਪੇਸ਼ੀ ਦੀ ਕਮਜ਼ੋਰੀ, ਮਾਸਪੇਸ਼ੀ ਪ੍ਰੋਟੀਨਾਂ ਵਿਚ ਖੋਟ ਅਤੇ ਮਾਸਪੇਸ਼ੀ ਕੋਸ਼ਿਕਾਵਾਂ ਅਤੇ ਟਿਸ਼ੂਆਂ ਦੀ ਮੌਤ ਹੈ;

(ਹ) 'ਤੇਜਾਬ ਹਮਲੇ ਦਾ ਸ਼ਿਕਾਰ' ਤੋਂ ਭਾਵ ਉਹ ਵਿਅਕਤੀ ਹੈ ਜੋ ਤੇਜਾਬ ਸੁੱਟਣ ਜਾਂ ਅਜਿਹੇ ਹੀ ਕਿਸੇ ਹੋਰ ਖਾਰੂ ਪਦਾਰਥ ਕਾਰਨ ਕਰੂਪ ਹੋ ਗਿਆ ਹੋਵੇ।

**ਅ. ਨੇਤਰਹੀਣਤਾ -**

(ੳ) 'ਨੇਤਰਹੀਣਤਾ' ਤੋਂ ਭਾਵ ਇਕ ਅਜਿਹੀ ਸਥਿਤੀ ਹੈ ਜਿਸ ਵਿਚ ਕੋਈ ਵਿਅਕਤੀ ਸਰਵੋਤਮ ਸੁਧਾਰ ਤੋਂ ਉਪਰੰਤ ਹੇਠ ਲਿਖੀਆਂ ਸਥਿਤੀਆਂ ਵਿਚੋਂ ਕਿਸੇ ਵਿਅਕਤੀ ਵਿਚ ਇਕ ਸਥਿਤੀ ਮੌਜੂਦ ਹੁੰਦੀ ਹੈ-

(i) ਦ੍ਰਿਸ਼ਟੀ ਦੀ ਪੂਰਨ ਘਾਟ; ਜਾਂ

(ii) ਬੇਹਤਰ ਅੱਖ ਵਿਚ ਦ੍ਰਿਸ਼ਟੀ ਸੰਵੇਦਨਸ਼ੀਲਤਾ 3/60 ਜਾਂ 10/200 (ਸਨੇਲਨ) ਤੋਂ ਘੱਟ; ਜਾਂ

(iii) 10 ਡਿਗਰੀ ਜਾਂ ਇਸ ਤੋਂ ਘੱਟ ਦੇ ਫੀਲਡ ਆਫ ਵਿਜ਼ਨ ਦੀ ਸੀਮਾ;

(ਅ) 'ਘੱਟ ਦ੍ਰਿਸ਼ਟੀ' ਤੋਂ ਭਾਵ ਇਕ ਅਜਿਹੀ ਸਥਿਤੀ ਹੈ ਜਿਸ ਵਿਚ ਵਿਅਕਤੀ ਦੀ ਨਿਮਨ ਲਿਖਤ ਵਿਚੋਂ ਕੋਈ ਇਕ ਸਥਿਤੀ

ਹੁੰਦੀ ਹੈ, ਜਿਵੇਂ ਕਿ –

(i) ਬੇਹਤਰ ਅੱਖ ਵਿਚ ਸੁਧਾਰਕਾਰੀ ਲੈਂਸਾਂ ਦੇ ਨਾਲ–ਨਾਲ 6/18 ਜਾਂ 20/60 ਤੋਂ ਘੱਟ ਅਤੇ 6/60 ਜਾਂ 20/200 (ਸਨੇਲਨ) ਦ੍ਰਿਸ਼ ਸੰਵੇਦਨਸ਼ੀਲਤਾ; ਜਾਂ

(ii) 10 ਤੋਂ ਵੱਧ 40 ਡਿਗਰੀ ਤੱਕ ਦੇ ਫੀਲਡ ਆਫ ਵਿਜ਼ਨ ਦੀ ਸੀਮਾ;

**ੲ. ਸੁਣਨ ਵਿਚ ਕਮਜ਼ੋਰੀ –**

(ੳ) 'ਬੋਲੇ' ਤੋਂ ਭਾਵ ਉਨ੍ਹਾਂ ਵਿਅਕਤੀਆਂ ਤੋਂ ਹੈ ਜਿਨ੍ਹਾਂ ਦੇ ਦੋਵੇਂ ਕੰਨਾਂ ਵਿਚ 70 ਡੀਬੀ ਦੀ ਸੰਵਾਦ ਵਿਸ਼ਿਯਕ ਆਵ੍ਰਿਤੀ ਹੈ;

(ਅ) 'ਉੱਚਾ ਸੁਣਨ' ਤੋਂ ਭਾਵ ਉਹ ਵਿਅਕਤੀ ਜਿਸ ਦੇ ਦੋਵੇਂ ਕੰਨਾਂ ਵਿਚ 60 ਡੀਬੀ ਤੋਂ 70 ਡੀਬੀ ਸੁਣਨ ਸਮਰੱਥਾ ਦੀ ਸੰਵਾਦ ਵਿਸ਼ਿਅਕ ਆਵ੍ਰਿਤੀ ਹੈ;

**ਸ. 'ਸੰਵਾਦ ਅਤੇ ਭਾਸ਼ਾ ਦਿਵਿਆਂਗਤਾ'** ਤੋਂ ਭਾਵ ਇਕ ਸਥਾਈ ਦਿਵਿਆਂਗਤਾ ਹੈ ਜੋ ਲੈਰਿੰਗੈਕਟਾਮੀ ਜਾਂ ਅਫੇਸ਼ੀਆ ਵਰਗੀਆਂ ਪਰਿਸਥਿਤੀਆਂ ਤੋਂ ਉਤਪੰਨ ਹੁੰਦੀ ਹੈ ਜਿਸ ਵਿਚ ਜੈਵਿਕ ਜਾਂ ਤੰਤੂ ਕਾਰਨਾਂ ਕਰਕੇ ਸੰਵਾਦ ਅਤੇ ਭਾਸ਼ਾ ਦੇ ਇਕ ਜਾਂ ਇਸ ਤੋਂ ਵੱਧ ਸੰਘਟਕ ਪ੍ਰਭਾਵਿਤ ਹੁੰਦੇ ਹਨ।

2. ਬੌਧਿਕ ਦਿਵਿਆਂਗਤਾ ਤੋਂ ਭਾਵ ਇਕ ਅਜਿਹੀ ਸਥਿਤੀ ਹੈ ਜਿਸ ਦੀ ਵਿਸ਼ੇਸ਼ਤਾ ਦੋਵੇਂ ਬੌਧਿਕ ਕਾਰਜ (ਤਰਕਸੰਗਤ, ਸਿਖਲਾਈ, ਸਮੱਸਿਆ ਸਮਾਧਾਨ) ਅਤੇ ਅਨੁਕੂਲਨ ਵਿਵਹਾਰ ਵਿਚ ਮਹੱਤਵਪੂਰਨ ਰੂਪ ਨਾਲ ਘਾਟ ਹੋਣਾ ਹੈ, ਜਿਸ ਦੇ ਅੰਤਰਗਤ ਰੋਜ਼ਾਨਾ ਦੀਆਂ ਸਮਾਜਿਕ ਅਤੇ ਵਿਵਹਾਰਕ ਕੁਸ਼ਲਤਾਵਾਂ ਆਉਂਦੀਆਂ ਹਨ, ਇਸ ਵਿਚ ਹੇਠ ਦਰਜ ਸ਼ਾਮਲ ਹਨ–

(ੳ) 'ਵਿਸ਼ੇਸ਼ ਸਿਖਲਾਈ ਦਿਵਿਆਂਗਤਾਵਾਂ' ਤੋਂ ਭਾਵ ਪਰਿਸਥਿਤੀਆਂ ਦਾ ਇਕ ਅਜਿਹਾ ਪਰਜਿਨਸੀ ਸਮੂਹ ਹੈ ਜਿਸ ਵਿਚ ਭਾਸ਼ਾ ਨੂੰ ਬੋਲਣ ਜਾਂ ਲਿਖਣ ਦੀ ਪ੍ਰੋਸੈਸਿੰਗ ਕਰਨ ਦੀ ਘਾਟ ਮੌਜੂਦ ਹੁੰਦੀ ਹੈ ਜੋ ਸਮਝਣ, ਬੋਲਣ, ਪੜ੍ਹਨ, ਲਿਖਣ, ਸ਼ਬਦ ਜੋੜ ਕਰਨ ਜਾਂ ਗਣਿਤ ਦੇ ਹਿਸਾਬ ਕਿਤਾਬ ਨੂੰ ਸਮਝਣ ਵਿਚ ਘਾਟ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ ਅਤੇ ਇਸ ਦੇ ਅੰਤਰਗਤ ਅਜਿਹੀਆਂ ਪਰਿਸਥਿਤੀਆਂ ਸ਼ਾਮਲ ਹਨ ਜਿਵੇਂ ਕਿ ਬੋਧਆਤਮਕ ਦਿਵਿਆਂਗਤਾਵਾਂ ਡਾਇਸਲੈਕਸੀਆ (Dyslexia), ਡਾਇਸਗ੍ਰਾਫੀਆ (Dysgraphia), ਡਾਇਸਕੈਲਕੁਲੀਆ (Dyscalculia), ਡਾਇਸਪਕ੍ਰੇਸੀਆ (Dyspraxia) ਅਤੇ ਵਿਕਾਸਾਤਮਕ ਅਫੇਸੀਆ ਸ਼ਾਮਲ ਹਨ:

(ਅ) 'ਸਵੈਲੀਨਤਾ ਸਪੈਕਟ੍ਰਮ ਵਿਕਾਰ' ਤੋਂ ਭਾਵ ਇਕ ਅਜਿਹੀ ਤੰਤ੍ਰਿਕਾ ਮਨੋਚਕਿਤਸਕ ਸਥਿਤੀ ਹੈ ਜੋ ਆਮ ਤੌਰ ਤੇ ਜੀਵਨ ਦੇ ਪਹਿਲੇ ਤਿੰਨ ਸਾਲਾਂ ਵਿਚ ਪੈਦਾ ਹੁੰਦੀ ਹੈ, ਜੋ ਵਿਅਕਤੀ ਦੀ ਸੰਪਰਕ ਕਰਨ ਦੀ, ਸਬੰਧਾਂ ਨੂੰ ਸਮਝਣ ਦੀ ਅਤੇ ਦੂਜਿਆਂ ਨਾਲ ਸਬੰਧਤ ਹੋਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਆਮ ਤੌਰ ਤੇ ਇਹ ਅਸਧਾਰਣ ਜਾਂ ਘਿਸੇ ਪਿਟੇ ਕਰਮਕਾਂਡਾਂ ਜਾਂ ਵਿਵਹਾਰ ਨਾਲ ਸਬੰਧਤ ਹੁੰਦੀ ਹੈ।

**3. ਮਾਨਸਿਕ ਵਿਵਹਾਰ–**

'ਮਾਨਸਿਕ ਵਿਕਾਰ' ਤੋਂ ਭਾਵ ਚਿੰਤਨ, ਮਨੋਦਸ਼ਾ, ਸੋਝੀ ਜਾਂ ਯਾਦਸ਼ਕਤੀ ਵਿਚ ਵਿਕਾਰ ਹੈ ਜੋ ਜੀਵਨ ਦੀਆਂ ਸਧਾਰਣ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਮੁੱਚੇ ਰੂਪ ਨਾਲ ਫ਼ੈਸਲਾ, ਵਿਵਹਾਰ, ਵਾਸਤਵਿਕਤਾ ਦੀ ਪਛਾਣ ਕਰਨ ਦੀ ਸਮਰੱਥਾ ਜਾਂ ਯੋਗਤਾ ਨੂੰ ਪ੍ਰਭਾਵਿਤ ਕਰਦਾ ਹੈ ਪਰ ਇਸ ਦੇ ਅੰਤਰਗਤ ਮਾਨਸਿਕ ਮੰਦ ਬੁੱਧੀ ਸ਼ਾਮਲ ਨਹੀਂ ਹੈ ਜੋ ਕਿਸੇ ਵਿਅਕਤੀ ਦੇ ਦਿਮਾਗ ਦਾ ਵਿਕਾਸ ਰੋਕਣ ਜਾਂ ਅਧੂਰਾ ਹੋਣ ਦੀ ਸਥਿਤੀ ਹੈ, ਖ਼ਾਸ ਤੌਰ ਤੇ ਜਿਸ ਦੀ ਵਿਸ਼ਿਟਤਾ ਬੁੱਧੀਮਤਾ ਦਾ ਸਧਾਰਣ ਤੋਂ ਘੱਟ ਹੋਣਾ ਹੈ।

**4. ਦਿਵਿਆਂਗਤਾ ਦੇ ਨਿਮਨ ਕਾਰਨ–**

**(ੳ) ਪੁਰਾਣੀਆਂ ਤੰਤ੍ਰਿਕਾ ਪਰਿਸਥਿਤੀਆਂ, ਜਿਵੇਂ ਕਿ –**

(i) 'ਬਹੁ ਸਕੇਲੇਰੋਸਿਸ' ਤੋਂ ਭਾਵ ਸੋਜਕਾਰੀ ਤੰਤ੍ਰਿਕਾ ਪ੍ਰਣਾਲੀ ਰੋਗ ਹੈ ਜਿਸ ਵਿਚ ਦਿਮਾਗ ਦੀ ਤੰਤ੍ਰਿਕਾ ਕੋਸ਼ਿਕਾਵਾਂ ਦੇ ਅਕਸ਼ ਤੰਤੂਆਂ ਦੇ ਚਾਰੇ ਪਾਸੇ ਰੀੜ੍ਹ ਦੀ ਹੱਡੀ ਦੀ ਮਾਇਲਿਨ ਸੀਥ ਨੂੰ ਨੁਕਸਾਨ ਪਹੁੰਚਦਾ ਹੈ ਜਿਸ ਨਾਲ ਡਿਮਾਈਲੀਨੇਸ਼ਨ ਹੁੰਦਾ ਹੈ ਅਤੇ ਦਿਮਾਗ ਵਿਚ ਤੰਤ੍ਰਿਕਾ ਕੋਸ਼ਿਕਾਵਾਂ ਅਤੇ ਰੀੜ੍ਹ ਦੀ ਹੱਡੀ ਦੀਆਂ ਕੋਸ਼ਿਕਾਵਾਂ ਦੀ ਇਕ ਦੂਜੇ ਦੇ ਨਾਲ ਸੰਪਰਕ ਕਰਨ ਦੀ ਸਮਰੱਥਾ ਪ੍ਰਭਾਵਿਤ ਹੁੰਦੀ ਹੈ।

(ii) 'ਪਾਰਕਿਨਸਨਜ਼ ਰੋਗ'' ਤੋਂ ਭਾਵ ਤੰਤ੍ਰਿਕਾ ਪ੍ਰਣਾਲੀ ਦੀ ਇਕ ਅਜਿਹੀ ਤੇਜ਼ੀ ਨਾਲ ਫ਼ੈਲਣ ਵਾਲੀ ਬੀਮਾਰੀ ਹੈ ਜਿਸ ਵਿਚ ਜ਼ਿਆਦਾਤਰ ਅਧਖੜ ਉਮਰ ਅਤੇ ਬਿਰਧ ਪ੍ਰਭਾਵਿਤ ਹੁੰਦੇ ਹਨ ਜਿਸ ਦੇ ਲੱਛਣ ਕਾਂਬਾ, ਮਾਸਪੇਸ਼ੀਆਂ ਵਿਚ ਤਨਾਅ ਅਤੇ ਧੀਮੀ ਅਤੇ ਗਲਤ ਗਤੀਸ਼ੀਲਤਾ ਹਨ ਅਤੇ ਦਿਮਾਗ ਦੀ ਨਾੜੀਗ੍ਰੰਥੀ ਵਿਚ ਵਿਕਾਰ ਆ ਜਾਂਦਾ ਹੈ ਅਤੇ ਨਿਊਰੋਟ੍ਰਾਂਸਮੀਟਰ ਡੋਪਾਮਾਈਨ ਦੀ ਘਾਟ ਹੋ ਜਾਂਦੀ ਹੈ.

**(ਅ) ਖ਼ੂਨ ਵਿਗਾੜ --**

(i) 'ਹੇਮਿਫ਼ੀਲਿਆ'' ਤੋਂ ਭਾਵ ਇੱਕ ਅਨੁਵੰਸ਼ਕ ਰੋਗ ਹੈ ਜੋ ਆਮਤੌਰ ਤੇ ਪੁਰਸ਼ਾਂ ਨੂੰ ਹੀ ਹੁੰਦਾ ਹੈ ਪ੍ਰੰਤੂ ਇਹ ਇਸਤਰੀਆਂ ਦੁਆਰਾ ਨਰ ਔਲਾਦ ਵਿਚ ਪਹੁੰਚਦਾ ਹੈ. ਇਸ ਦੀ ਵਿਸ਼ੇਸ਼ਤਾ ਖ਼ੂਨ ਦਾ ਥੱਕਾ ਜੰਮਣ ਦੀ ਸਧਾਰਨ ਸਮਰੱਥਾ ਦਾ ਨੁਕਸਾਨ ਹੋਣਾ ਹੈ ਜਿਸ ਕਾਰਨ ਛੋਟੇ ਜਿਹੇ ਜ਼ਖ਼ਮ ਦਾ ਨਤੀਜਾ ਵੀ ਖ਼ੂਨ ਦਾ ਜਾਨਲੇਵਾ ਵਗਣਾ ਹੋ ਸਕਦਾ ਹੈ;

(ii) 'ਥੈਲੇਸੀਮੀਆ'' ਤੋਂ ਭਾਵ ਅਨੁਵੰਸ਼ਕ ਵਿਕਾਰਾਂ ਦਾ ਇਕ ਸਮੂਹ ਹੈ ਜਿਸ ਦੇ ਲਛੱਣ ਹਿਮੋਗਲੋਬਿਨ ਦੀ ਘਾਟ ਜਾਂ ਗੈਰ-ਮੌਜੂਦਗੀ ਹੈ।

(iii) 'ਸਿੱਕਲ ਕੋਸ਼ਿਕਾ ਰੋਗ'' ਤੋਂ ਭਾਵ ਇਕ ਹੈਮੋਲਿਟਿਕ ਵਿਕਾਰ ਹੈ ਜੋ ਖ਼ੂਨ ਦੀ ਅਤਿਅੰਤ ਘਾਟ, ਪੀੜਾਦਾਇਕ ਘਟਨਾਵਾਂ ਅਤੇ ਜੋ ਸਬੰਧਤ ਟਿਸ਼ੂਆਂ ਅਤੇ ਅਤੇ ਅੰਗਾਂ ਦੇ ਨੁਕਸਾਨ ਨਾਲ ਵਿਭਿੰਨ ਜਟਿਲਤਾਵਾਂ ਵਿਚ ਦਿਸਦਾ ਹੈ. '' ਹੈਮੋਲਿਟਿਕ'' ਲਾਲ ਖ਼ੂਨ ਕੋਸ਼ਿਕਾਵਾਂ ਦੀ ਕੋਸ਼ਿਕਾ ਝਿੱਲੀ ਨੂੰ ਨੁਕਸਾਨ ਪਹੁੰਚਾਉਂਦਾ ਹੈ ਜਿਸ ਦਾ ਨਤੀਜਾ ਹਿਮੋਗਲੋਬਿਨ ਦਾ ਨਿਕਲਨਾ ਹੁੰਦਾ ਹੈ।

5. ਬਹੁ ਦਿਵਿਆਂਗਤਾਵਾਂ (ਉਕਤ ਦਰਸਾਈਆਂ ਦਿਵਿਆਂਗਤਾਵਾਂ ਵਿਚ ਇਕ ਤੋਂ ਵੱਧ) ਜਿਸ ਵਿਚ ਬੋਲਾਪਣ ਅਤੇ ਨੇਤਰਹੀਣਤਾ ਸ਼ਾਮਲ ਹੈ ਜਿਸ ਤੋਂ ਭਾਵ ਉਹ ਅਵਸਥਾ ਹੈ ਜਿਸ ਵਿਚ ਵਿਅਕਤੀ ਵਿਚ ਸੁਨਣ ਅਤੇ ਦੇਖਣ ਦੋਹਾਂ ਦੀ ਦਿਵਿਆਂਗਤਾ ਹੋਵੇ ਜਿਸ ਕਾਰਨ ਗੰਭੀਰ ਸੰਚਾਰ, ਵਿਕਾਸਾਤਮਕ ਅਤੇ ਵਿੱਦਿਅਕ ਸਮੱਸਿਆਵਾਂ ਆਉਂਦੀਆਂ ਹੋਣ।

6. ਕੇਂਦਰ ਸਰਕਾਰ ਵੱਲੋਂ ਅਧਿਸੂਚਿਤ ਕੋਈ ਵੀ ਹੋਰ ਵਰਗ।

**ਡਾ. ਜੀ ਨਾਰਾਇਣ ਰਾਜੂ**
**ਸਕੱਤਰ, ਭਾਰਤ ਸਰਕਾਰ**

***ਨੋਟ**

ਜੇਕਰ "THE RIGHTS OF PERSONS WITH DISAILITIES ACT, 2016" ਦਾ ਪੰਜਾਬੀ ਭਾਸ਼ਾ ਵਿੱਚ ਤਰਜਮਾ/ਅਨੁਵਾਦ ਕਰਨ ਸਮੇਂ ਅਨੁਵਾਦ ਕੀਤੇ ਗਏ ਐਕਟ ਵਿਚ ਕੋਈ ਤਰੁੱਟੀ ਪਾਈ ਜਾਂਦੀ ਹੈ ਜਾਂ ਕਿਸੇ ਕਿਸਮ ਦਾ ਵਿਰੋਧਭਾਸ਼ ਉਤਪੰਨ ਹੁੰਦਾ ਹੈ, ਤਾਂ ਅੰਗਰੇਜ਼ੀ ਭਾਸ਼ਾ ਵਿਚ ਨੋਟੀਫਾਈ ਕੀਤੇ "THE RIGHTS OF PERSONS WITH DISAILITIES ACT, 2016" ਵਿੱਚ ਦਰਜ ਸਥਿਤੀ ਨੂੰ ਸਹੀ ਮੰਨਿਆ ਜਾਵੇਗਾ।

*1606/09-2018/Pb. Govt. Press, S.A.S. Nagar*